Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 16 | 15/05/2025 | www.samajweekly.com | samajweekly | @samajweekly | samajweekly

# ਜਸਟਿਸ ਬੀਆਰ ਗਵਈ ਨੇ ਭਾਰਤ ਦੇ 52ਵੇਂ ਚੀਫ਼ ਜਸਟਿਸ ਵਜੋਂ ਹਲਫ਼ ਲਿਆ

## ਰਾਸ਼ਟਰਪਤੀ ਮੁਰਮੂ ਨੇ ਰਾਸ਼ਟਰਪਤੀ ਭਵਨ ’ਚ ਸੰਖੇਪ ਸਮਾਗਮ ਦੌਰਾਨ ਸਹੁੰ ਚੁਕਾਈ

**ਨਵੀਂ ਦਿੱਲੀ।** ਜਸਟਿਸ ਭੂਸ਼ਨ ਰਾਮਕ੍ਰਿਸ਼ਨ ਗਵਈ ਨੇ ਅੱਜ ਭਾਰਤ ਦੇ 52ਵੇਂ ਚੀਫ਼ ਜਸਟਿਸ ਵਜੋਂ ਹਲਫ਼ ਲਿਆ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਚ ਇਕ ਸੰਖੇਪ ਸਮਾਗਮ ਦੌਰਾਨ ਉਨ੍ਹਾਂ ਨੂੰ ਹਲਫ਼ ਦਿਵਾਇਆ। ਉਹ ਜਸਟਿਸ ਸੰਜੀਵ ਖੰਨਾ ਦੀ ਥਾਂ ਲੈਣਗੇ, ਜੋ ਮੰਗਲਵਾਰ ਨੂੰ 65 ਸਾਲ ਦੀ ਉਮਰ ਹੋਣ ਮਗਰੋਂ ਸੇਵਾਮੁਕਤ ਹੋ ਗਏ ਸਨ। ਜਸਟਿਸ ਗਵਈ, ਜੋ 24 ਮਈ 2019 ਨੂੰ ਸੁਪਰੀਮ ਕੋਰਟ ਦੇ ਜੱਜ ਬਣੇ ਸਨ, ਦਾ ਕਾਰਜਕਾਲ ਛੇ ਮਹੀਨੇ ਤੋਂ ਵੱਧ ਸਮੇਂ ਦਾ ਹੋਵੇਗਾ। ਜਸਟਿਸ ਗਵਈ 23 ਨਵੰਬਰ ਨੂੰ ਸੇਵਾਮੁਕਤ ਹੋਣਗੇ। ਉਨ੍ਹਾਂ ਹਿੰਦੀ ਵਿਚ ਸਹੁੰ ਚੁੱਕੀ।



## ਪੰਜਾਬ ਬੋਰਡ ਨੇ ਬਾਰ੍ਹਵੀਂ ਜਮਾਤ ਦਾ ਨਤੀਜਾ ਐਲਾਨਿਆ, ਕੁੜੀਆਂ ਨੇ ਮੁੜ ਬਾਜ਼ੀ ਮਾਰੀ

**ਮੁਹਾਲੀ।** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਜ ਬਾਰ੍ਹਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ। ਬੋਰਡ ਵੱਲੋਂ ਜਾਰੀ ਮੈਰਿਟ ਸੂਚੀ ਮੁਤਾਬਕ ਪਹਿਲੀਆਂ ਤਿੰਨੇ ਪੁਜ਼ੀਸ਼ਨਾਂ ਲੜਕੀਆਂ ਨੇ ਹਾਸਲ ਕੀਤੀਆਂ ਹਨ। ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਬਰਨਾਲਾ ਦੀ ਵਿਦਿਆਰਥਣ ਹਰਸੀਰਤ ਪੁੱਤਰੀ ਸਿਮਰਦੀਪ ਸਿੰਘ ਨੇ (500/500) 100 ਫੀਸਦੀ ਅੰਕ ਲੈ ਕੇ ਪੰਜਾਬ ਭਰ ’ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ ਜਦੋਂਕਿ ਐੱਸਐੱਸ ਮੈਮੋਰੀਅਲ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਕੱਸੋਆਣਾ (ਫਿਰੋਜ਼ਪੁਰ) ਦੀ ਮਨਵੀਰ ਕੌਰ ਪੁੱਤਰੀ ਗੁਰਜੰਟ ਸਿੰਘ ਨੇ 500 ’ਚੋਂ 498 ਅੰਕ (99.60 ਫੀਸਦੀ) ਨਾਲ ਪੰਜਾਬ ਵਿੱਚ ਦੂਜਾ ਅਤੇ ਸ੍ਰੀ ਤਾਰਾ ਚੰਦ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਭੀਖੀ (ਮਾਨਸਾ) ਦੀ ਅਰਸ਼ ਪੁੱਤਰੀ ਕਰਮਜੀਤ ਸਿੰਘ ਨੇ 500 ਚੋਂ 498 ਅੰਕ (99.60 ਫੀਸਦੀ) ਨਾਲ ਪੰਜਾਬ ਵਿੱਚ ਤੀਜਾ ਸਥਾਨ ਹਾਸਲ ਕੀਤਾ ਹੈ।



## ਪਾਕਿਸਤਾਨ ਨੇ 21 ਦਿਨਾਂ ਬਾਅਦ ਬੀਐੱਸਐੱਫ ਜਵਾਨ ਭਾਰਤ ਨੂੰ ਸੌਂਪਿਆ

**ਅੰਮ੍ਰਿਤਸਰ।** ਭਾਰਤ ਪਾਕਿ-ਸਤਾਨ ਵਿਚਾਲੇ ਜੰਗਬੰਦੀ ਤੋਂ ਬਾਅਦ ਬੀਐੱਸਐੱਫ ਜਵਾਨ ਪੂਰਨਮ ਕੁਮਾਰ ਸ਼ਾਹ ਅੱਜ ਅਟਾਰੀ ਵਾਹਗਾ ਸਰਹੱਦ ਰਸਤੇ ਵਤਨ ਪਰਤ ਆਇਆ ਹੈ। ਸ਼ਾਹ ਦੀ ਵਾਪਸੀ 21 ਦਿਨਾਂ ਬਾਅਦ ਹੋਈ ਹੈ। ਪਾਕਿਸਤਾਨੀ ਰੇਂਜਰਾਂ ਨੇ ਸ਼ਾਹ ਨੂੰ ਅੱਜ ਸਵੇਰੇ 10:30 ਵਜੇ ਦੇ ਕਰੀਬ ਬੀਐੱਸਐੱਫ ਹਵਾਲੇ ਕਰ ਦਿੱਤਾ ਹੈ। ਬੀਐੱਸਐੱਫ ਤਰਜਮਾਨ ਨੇ ਕਿਹਾ ਕਿ ਸ਼ਾਅ ਨੂੰ ਭਾਰਤੀ ਅਧਿਕਾਰੀਆਂ ਦੇ ਹਵਾਲੇ ਕਰਨ ਦੀ ਰਸਮ ਸ਼ਾਂਤੀਪੂਰਵਕ ਢੰਗ ਨਾਲ ਤੇ ਸਥਾਪਤ ਨੇਮਾਂ ਮੁਤਾਬਕ ਸਿਰੇ ਚੜ੍ਹੀ। ਪਾਕਿ ਰੇਂਜਰਾਂ ਨੇ ਸ਼ਾਅ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਇੱਕ ਦਿਨ ਬਾਅਦ 23 ਅਪਰੈਲ ਨੂੰ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਭਾਰਤ-ਪਾਕਿ



ਕੌਮਾਂਤਰੀ ਸਰਹੱਦ ਨੇੜਿਓਂ ਗ੍ਰਿਫ਼ਤਾਰ ਕੀਤਾ ਸੀ। ਬੀਐੱਸਐੱਫ ਦਾ ਜਵਾਨ ਪੀ ਕੇ ਸ਼ਾਹ 23 ਅਪਰੈਲ ਨੂੰ ਭੁਲੇਖੇ ਨਾਲ ਫਿਰੋਜ਼ਪੁਰ ਸਰਹੱਦੀ ਖੇਤਰ ਤੋਂ ਸਰਹੱਦ ਪਾਰ ਕਰਕੇ ਪਾਕਿਸਤਾਨੀ ਖੇਤਰ ਵਿੱਚ ਦਾਖਲ ਹੋ ਗਿਆ ਸੀ। ਮਗਰੋਂ ਉਸ ਨੂੰ ਪਾਕਿਸਤਾਨੀ ਰੇਂਜਰਾਂ ਨੇ ਗ੍ਰਿਫਤਾਰ ਕਰ ਲਿਆ। ਜੰਗਬੰਦੀ ਤੋਂ ਪਹਿਲਾਂ ਪਾਕਿ-ਸਤਾਨ ਵੱਲੋਂ ਉਸ ਨੂੰ ਛੱਡਣ ਤੋਂ ਟਾਲ ਮਟੋਲ ਕੀਤਾ ਜਾ ਰਿਹਾ ਸੀ।

ਬੀਐੱਸਐੱਫ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਵਿੱਚ ਪਾਕਿਸਤਾਨੀ ਰੇਂਜਰਾਂ ਨਾਲ ਲਗਾਤਾਰ ਫਲੈਗ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ। ਇਸ ਤੋਂ ਇਲਾਵਾ ਹੋਰ ਸਾਧਨਾਂ ਰਾਹੀਂ ਵੀ ਉਸ ਦੀ ਵਾਪਸੀ ਵਾਸਤੇ ਯਤਨ ਕੀਤੇ ਗਏ ਸਨ, ਜੋ ਸਫਲ ਹੋ ਗਏ ਹਨ। ਉਸ ਨੂੰ ਅੱਜ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਬੀਐੱਸਐੱਫ ਦਾ ਇਹ ਜਵਾਨ ਫਿਰੋਜ਼ਪੁਰ ਸਰਹੱਦੀ ਖੇਤਰ ਵਿੱਚ ਜਲੋਕੇ ਬੀਓਪੀ ਵਿਖੇ ਕਿਸਾਨ ਡਿਊਟੀ ’ਤੇ ਤਾਇਨਾਤ ਸੀ। ਉਸ ਨੂੰ ਕੁਝ ਸਮਾਂ ਪਹਿਲਾਂ ਹੀ ਆਪਣੀ ਯੂਨਿਟ ਨਾਲ ਇੱਥੇ ਤਾਇਨਾਤ ਕੀਤਾ ਗਿਆ ਸੀ। ਉਹ ਇਸ ਖੇਤਰ ਬਾਰੇ ਪੂਰੀ ਤਰ੍ਹਾਂ ਜਾਣੂ ਨਹੀਂ ਸੀ।

# ਮੈਂ 10 ਵਾਰ ਮੁਆਫ਼ੀ ਮੰਗਣ ਲਈ ਤਿਆਰ ਹਾਂ: ਵਿਜੇ ਸ਼ਾਹ

**ਨਵੀਂ ਦਿਲੀ।** ਮੱਧ ਪ੍ਰਦੇਸ਼ ਦੇ ਕਬਾਇਲੀ ਮੰਤਰੀ ਵਿਜੇ ਸ਼ਾਹ ਨੇ ਕਰਨਲ ਸੋਫ਼ੀਆ ਕੁਰੈਸ਼ੀ ਬਾਰੇ ਆਪਣੇ ਵਿਵਾਦਪੂਰਨ ਬਿਆਨ ਲਈ ਮੁਆਫ਼ੀ ਮੰਗ ਲਈ ਹੈ। ਉਸਨੇ ਕਿਹਾ ਕਿ ਮੈਂ 10 ਵਾਰ ਮੁਆਫ਼ੀ ਮੰਗਣ ਲਈ ਤਿਆਰ ਹਾਂ। ਭੈਣ ਸੋਫ਼ੀਆ ਮੇਰੇ ਲਈ ਮੇਰੀ ਸਕੀ ਭੈਣ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਹੈ। ਉਹ ਦੇਸ਼ ਦੀ ਰੱਖਿਆ ਲਈ ਤਾਇਨਾਤ ਹੈ। ਮੈਂ ਉਸਨੂੰ ਸਲਾਮ ਕਰਦਾ ਹਾਂ। ਵਿਜੇ ਸ਼ਾਹ ਨੇ ਕਿਹਾ ਕਿ ਪਰੇਸ਼ਾਨੀ 'ਚ ਅਤੇ ਦੁਖੀ ਮਨ ਨਾਲ ਕੋਈ ਨਿਕਲ ਗਈ ਹੋਵੇ ਤਾਂ ਮੈਂ ਉਨ੍ਹਾਂ ਤੋਂ 10 ਵਾਰ ਮੁਆਫ਼ੀ ਮੰਗਣ ਲਈ ਤਿਆਰ ਹਾਂ।



ਮੰਤਰੀ ਨੇ ਕਿਹਾ ਕਿ ਪਹਿਲਗਾਮ ਘਟਨਾ ਵਾਲੇ ਦਿਨ ਤੋਂ ਹੀ ਮੈਂ ਪਰੇਸ਼ਾਨ ਹਾਂ ਕਿਉਂਕਿ ਮੇਰਾ ਪਰਵਾਰ ਵੀ ਫ਼ੌਜੀ ਪਿਛੋਕੜ ਤੋਂ ਹੈ। ਸਾਡੇ ਪਰਵਾਰ ਦੇ ਬਹੁਤ ਸਾਰੇ ਲੋਕ ਸ਼ਹੀਦ ਹੋਏ ਹਨ ਅਤੇ ਅਸੀਂ ਸ਼ਹੀਦ ਦੇ ਦਰਦ ਨੂੰ ਮਹਿਸੂਸ ਕੀਤਾ ਹੈ। ਜਿਸ ਦਿਨ ਤੋਂ ਇਹ ਘਟਨਾ ਵਾਪਰੀ, ਮੈਂ ਬਹੁਤ ਦੁਖੀ ਹਾਂ। ਮਾਂ, ਪਰਵਾਰ, ਪੁੱਤਰ ਅਤੇ ਪਤਨੀ ਦੇ ਸਾਹਮਣੇ ਉਨ੍ਹਾਂ ਦਾ ਧਰਮ ਅਤੇ ਜਾਤ ਪੁੱਛ ਕੇ ਅਤੇ ਕਪੜੇ ਉਤਾਰ ਕੇ ਜੇਕਰ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਜਾਵੇ ਤਾਂ ਇਹ ਘਟਨਾ ਪਰੇਸ਼ਾਨ ਕਰਨ ਵਾਲੀ ਹੈ। ਉਸ ਦਿਨ ਤੋਂ ਮੈਂ ਨਾ ਸਿਰਫ਼ ਉਦਾਸ ਹਾਂ, ਸਗੋਂ ਪਰੇਸ਼ਾਨ ਵੀ ਹਾਂ ਅਤੇ ਜੇਕਰ ਮੈਂ ਪਰੇਸ਼ਾਨ ਅਤੇ ਦੁਖੀ ਮਨ ਵਿੱਚ ਕੁਝ ਕਿਹਾ ਹੈ, ਤਾਂ ਮੈਂ ਉਸ ਲਈ ਮੁਆਫ਼ੀ ਮੰਗਦਾ ਹਾਂ। ਵਿਜੇ ਸ਼ਾਹ ਨੇ ਕਿਹਾ ਕਿ ਸਾਡੀ ਭੈਣ ਸੋਫ਼ੀਆ ਨੇ ਅਪਣਾ ਰਾਸ਼ਟਰੀ ਫਰਜ਼ ਨਿਭਾਉਂਦੇ ਹੋਏ ਉਨ੍ਹਾਂ ਲੋਕਾਂ ਨੂੰ ਮਾਰਿਆ। ਜੇਕਰ ਪਰੇਸ਼ਾਨੀ ਅਤੇ ਦੁਖੀ ਮਨ ਕਾਰਨ ਕੋਈ ਗ਼ਲਤ ਸ਼ਬਦ ਨਿਕਲਿਆ ਹੈ। ਸ਼ਬਦ ਅੱਗੇ-ਪਿੱਛੇ ਜਾਂ ਗ਼ਲਤ ਹੋਣ ਤਾਂ ਮੈਂ ਮੁਆਫ਼ੀ ਚਾਹੁੰਦਾ ਹਾਂ। ਭੈਣ ਸੋਫ਼ੀਆ ਬਾਰੇ, ਫ਼ੌਜ ਬਾਰੇ, ਮੋਦੀ ਜੀ ਬਾਰੇ ਕੋਈ ਅਜਿਹਾ ਵਿਚਾਰ ਨਹੀਂ ਸੀ। ਭੈਣ ਸੋਫ਼ੀਆ ਸਾਡੀ ਆਪਣੀ ਭੈਣ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਹੈ, ਮੈਂ ਉਸਨੂੰ ਸਲਾਮ ਕਰਦਾ ਹਾਂ। ਅਸੀਂ ਕਲਪਨਾ ਵੀ ਨਹੀਂ ਕਰ ਸਕਦੇ ਪਰ ਫਿਰ ਵੀ ਲੋਕਾਂ ਨੇ ਮੀਡੀਆ ਵਿੱਚ ਇਸ ਤਰੀਕੇ ਨਾਲ ਮਾਹੌਲ ਬਣਾਇਆ। ਪਰੇਸ਼ਾਨੀ ਵਿਚ ਜਾਂ ਦੁਖੀ ਮਨ ਨਾਲ ਕੋਈ ਗੱਲ ਨਿਕਲ ਗਈ ਹੋਵੇ ਤਾਂ ਮੈਂ 10 ਵਾਰ ਮੁਆਫ਼ੀ ਮੰਗਣ ਲਈ ਤਿਆਰ ਹਾਂ।

# ਹਿਮਾਚਲ ਪ੍ਰਦੇਸ਼ 'ਚ ਬੱਦੀ ਦੀ ਫਾਰਮਾ ਫੈਕਟਰੀ 'ਚ ਲੱਗੀ ਭਿਆਨਕ ਅੱਗ

**ਹਿਮਾਚਲ।** ਹਿਮਾਚਲ ਪ੍ਰਦੇਸ਼ ਦੇ ਉਦਯੋਗਿਕ ਖੇਤਰ ਬੱਦੀ ਜਿੱਥੇ ਅੱਜ ਇੱਕ ਫਾਰਮਾ ਕੰਪਨੀ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਇੰਨੀ ਭਿਆਨਕ ਸੀ ਕਿ ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ। ਇਹ ਹਾਦਸਾ ਦੁਪਹਿਰ ਵੇਲੇ ਅਲਾਇੰਸ ਬਾਇਓਟੈਕ ਨਾਮ ਦੀ ਇੱਕ ਫਾਰਮਾ ਕੰਪਨੀ ਵਿੱਚ ਵਾਪਰਿਆ। ਦੱਸਿਆ ਜਾ ਰਿਹਾ ਹੈ ਕਿ ਜਿਵੇਂ ਹੀ ਅੱਗ ਲੱਗੀ, ਕੰਪਨੀ ਵਿੱਚ ਮੌਜੂਦ ਕਰਮਚਾਰੀਆਂ ਨੇ ਸਮਝਦਾਰੀ ਦਿਖਾਈ ਅਤੇ ਸਮੇਂ ਸਿਰ ਬਾਹਰ ਆ ਗਏ। ਖੁਸ਼ਕਿਸਮਤੀ ਨਾਲ, ਇਸ ਹਾਦਸੇ ਵਿੱਚ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਫਾਇਰ ਬ੍ਰਿਗੇਡ ਦੀਆਂ ਕਈ ਟੀਮਾਂ ਮੌਕੇ 'ਤੇ ਪਹੁੰਚ ਗਈਆਂ, ਪਰ ਅੱਗ ਇੰਨੀ ਭਿਆਨਕ ਸੀ ਕਿ ਬੱਦੀ ਅਤੇ ਨਾਲਾਗੜ੍ਹ ਤੋਂ ਵਾਧੂ ਫੋਰਸ ਬੁਲਾਉਣੀ ਪਈ। ਨੇੜਲੀਆਂ ਫੈਕਟਰੀਆਂ ਦੇ ਫਾਇਰ ਹਾਈਡ੍ਰੈਂਟਸ ਤੋਂ ਵੀ ਮਦਦ ਲਈ ਗਈ। ਬਚਾਅ ਕਾਰਜ ਘੰਟਿਆਂ ਤੱਕ ਜਾਰੀ ਰਿਹਾ, ਪਰ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾਉਣ ਵਿੱਚ ਮੁਸ਼ਕਲਾਂ



ਆਈਆਂ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ, ਪਰ ਸ਼ੁਰੂਆਤੀ ਅਨੁਮਾਨਾਂ ਅਨੁਸਾਰ ਕੰਪਨੀ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਸਕਦਾ ਹੈ। ਫਿਲਹਾਲ ਇਹ ਰਾਹਤ ਦੀ ਗੱਲ ਹੈ ਕਿ ਇਸ ਭਿਆਨਕ ਅੱਗ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪ੍ਰਸ਼ਾਸਨ ਦੀਆਂ ਟੀਮਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਮੋਗਾ ਪੁਲਿਸ ਨੇ 1200 ਲਿਟਰ ਲਾਹਣ ਨਾਲ ਤਿੰਨ ਵਿਅਕਤੀਆਂ ਨੂੰ ਕੀਤਾ ਕਾਬੂ, ਚਾਰ ਦੀ ਭਾਲ ਜਾਰੀ

**ਮੋਗਾ।** ਮੋਗਾ ਪੁਲਿਸ ਨੂੰ ਉਸ ਵੇਲੇ ਵੱਡੀ ਸਫ਼ਲਤਾ ਹਾਸਿਲ ਹੋਈ ਜਦੋਂ ਗੁਪਤ ਸੂਚਨਾ ਦੇ ਅਧਾਰ 'ਤੇ ਪਿੰਡ ਬੋਘੇ ਵਾਲਾ ਸਤਲੁਜ ਦਰਿਆ ਦੇ ਕੰਢੇ 'ਤੇ ਲਾਹਨ ਜੋ ਕਿ ਪਲਾਸਟਿਕ ਦੀ ਤਰਪਾਲ ਦੇ ਹੇਠਾਂ ਛੁਪਾ ਕੇ ਰੱਖੀ ਬਰਾਮਦ ਕੀਤੀ। ਮੌਕੇ 'ਤੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਚਾਰ ਦੀ ਭਾਲ ਜਾਰੀ। ਥਾਣਾ ਫਤਿਹਗੜ ਪੰਜਤੂਰ ਵਿਖੇ ਸੱਤ ਵਿਅਕਤੀਆਂ ਦੇ ਖਿਲਾਫ਼ ਮਾਮਲਾ ਦਰਜ ਕੀਤਾ। ਜਾਣਕਾਰੀ ਦਿੰਦੇ ਹੋਏ ਐਸਪੀਡੀ ਬਾਲ ਕ੍ਰਿਸ਼ਨ ਸਿੰਗਲਾ ਨੇ ਕਿਹਾ ਕਿ ਪੰਜਾਬ ਵਿੱਚੋਂ ਨਸ਼ੇ ਨੂੰ ਖ਼ਤਮ ਕਰਨ ਲਈ ਲਗਾਤਾਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਐਸ ਐਸ ਪੀ ਮੋਗਾ ਅਜੇ ਗਾਂਧੀ ਦੇ ਨਿਰਦੇਸ਼ਾਂ ਦੇ ਤਹਿਤ ਗੁਪਤ ਸੂਚਨਾ ਦੇ ਆਧਾਰ 'ਤੇ ਪਿੰਡ ਬੋਘੇ ਵਾਲਾ ਸਤਲੁਜ ਦਰਿਆ ਦੇ ਕੰਢੇ 'ਤੇ ਪਲਾਸਟਿਕ ਦੀ ਤਰਪਾਲ ਥੱਲੋਂ 1200 ਲੀਟਰ ਲਾਹਨ ਬਰਾਮਦ ਕੀਤੀ ਗਈ। ਮੌਕੇ 'ਤੇ ਤਿੰਨ ਵਿਅਕਤੀ ਸੁਖਵਿੰਦਰ ਸਿੰਘ ਗੁਰਦੇਵ ਸਿੰਘ ਅਤੇ ਗੁਲਾਬ ਸਿੰਘ ਜੋ ਕਿ ਮੋਗਾ ਜ਼ਿਲ੍ਹਾ ਨਾਲ ਸੰਬੰਧਿਤ ਹਨ ਗ੍ਰਿਫ਼ਤਾਰ ਕਰ ਲਏ ਗਏ ਹਨ। ਗੁਲਾਬ ਸਿੰਘ ਉੱਪਰ ਪਹਿਲਾਂ ਵੀ ਤਿੰਨ ਮਾਮਲੇ ਦਰਜ ਹਨ। ਬਲਵਿੰਦਰ ਸਿੰਘ



,ਬਲਕਾਰ ਸਿੰਘ, ਗੁਰਮੀਤ ਸਿੰਘ ਅਤੇ ਰਾਜਵਿੰਦਰ ਕੌਰ ਜੋ ਕਿ ਪਿੰਡ ਸੰਘੇੜਾ ਦੇ ਰਹਿਣ ਵਾਲੇ ਹਨ ਉਨ੍ਹਾਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਬਲਵਿੰਦਰ ਸਿੰਘ ਉੱਪਰ ਇੱਕ ਮਾਮਲਾ ਦਰਜ ਹੈ ਅਤੇ ਗੁਰਮੀਤ ਸਿੰਘ ਉੱਪਰ ਦੋ ਮਾਮਲੇ ਦਰਜ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਬਰਡ ਫਲੂ ਅਲਰਟ: ਲਖਨਊ 'ਚ ਬਰਡ ਫਲੂ ਸਬੰਧੀ ਅਲਰਟ ਜਾਰੀ



**ਲਖਨਊ।** ਲਖਨਊ ਵਿਚ ਬਰਡ ਫਲੂ ਦੇ ਮਾਮਲਿਆਂ ਵਿਚ ਵਾਧੇ ਨੇ ਯੂਪੀ ਦੇ ਲੋਕਾਂ ਨੂੰ ਚਿੰਤਤ ਕਰ ਦਿਤਾ ਹੈ। ਇਹ ਬਿਮਾਰੀ ਆਮ ਤੌਰ 'ਤੇ ਪੰਛੀਆਂ ਵਿਚ ਪਾਈ ਜਾਂਦੀ ਹੈ, ਪਰ ਕੁਝ ਮਾਮਲਿਆਂ ਵਿਚ ਇਹ ਮਨੁੱਖਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਉੱਤਰ ਪ੍ਰਦੇਸ਼ ਵਿਚ ਬਰਡ ਫਲੂ ਨੇ ਦਸਤਕ ਦੇ ਦਿਤੀ ਹੈ, ਜਿਸ ਕਾਰਨ ਸਰਕਾਰ ਚੌਕਸ ਹੋ ਗਈ ਹੈ। ਲਖਨਊ ਵਿਚ ਬਰਡ ਫਲੂ ਦੇ ਮਾਮਲਿਆਂ ਵਿਚ ਵਾਧੇ ਨੇ ਯੂਪੀ ਦੇ ਲੋਕਾਂ ਨੂੰ ਚਿੰਤਾ ਵਿਚ ਪਾ ਦਿਤਾ ਹੈ। ਇਹ ਬਿਮਾਰੀ ਆਮ ਤੌਰ 'ਤੇ ਪੰਛੀਆਂ ਵਿਚ ਪਾਈ ਜਾਂਦੀ ਹੈ, ਪਰ ਕੁਝ ਮਾਮਲਿਆਂ ਵਿਚ ਇਹ ਮਨੁੱਖਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਇਸ ਕਾਰਨ ਲੋਕਾਂ ਨੂੰ ਬੁਖ਼ਾਰ, ਖੰਘ, ਸਾਹ ਲੈਣ ਵਿਚ ਮੁਸ਼ਕਲ ਵਰਗੀਆਂ ਹਲਕੀਆਂ ਜਾਂ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ। ਅਜਿਹੇ ਸਮੇਂ, ਸਾਨੂੰ ਆਪਣੀਆਂ ਖਾਣ-ਪੀਣ ਦੀਆਂ ਆਦਤਾਂ, ਸਫ਼ਾਈ ਅਤੇ ਸਿਹਤ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਜੇਕਰ ਲੋਕਾਂ ਕੋਲ ਸਹੀ ਜਾਣਕਾਰੀ ਹੋਵੇ ਅਤੇ ਉਹ ਸਾਵਧਾਨੀ ਵਰਤਣ, ਤਾਂ ਬਰਡ ਫਲੂ ਦੇ ਖ਼ਤਰੇ ਤੋਂ ਕਾਫ਼ੀ ਹੱਦ ਤਕ ਬਚਿਆ ਜਾ ਸਕਦਾ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# 'ਮਰਾਠੀ ਵਿੱਚ ਗੱਲ ਕਰੋ ਨਹੀਂ ਤਾਂ ਅਸੀਂ ਪੈਸੇ ਨਹੀਂ ਦੇਵਾਂਗੇ', ਮੁੰਬਈ ਵਿੱਚ ਜੋੜੇ ਦੀ ਪੀਜ਼ਾ ਡਿਲੀਵਰੀ ਬੁਆਏ ਨਾਲ ਬਹਿਸ



ਸੋਮਵਾਰ ਨੂੰ ਮੁੰਬਈ ਵਿੱਚ ਮਰਾਠੀ ਭਾਸ਼ਾ ਬੋਲਣ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ। ਇੱਕ ਜੋੜੇ ਦੀ ਇੱਕ ਪੀਜ਼ਾ ਡਿਲੀਵਰੀ ਬੁਆਏ ਨਾਲ ਮਰਾਠੀ ਵਿੱਚ ਗੱਲ ਕਰਨ 'ਤੇ ਬਹਿਸ ਹੋ ਗਈ। ਜੋੜੇ ਨੇ ਕਿਹਾ ਕਿ ਪੀਜ਼ਾ ਡਿਲੀਵਰੀ ਬੁਆਏ ਮਰਾਠੀ ਵਿੱਚ ਬੋਲੇ ਨਹੀਂ ਤਾਂ ਉਹ ਉਸ ਨੂੰ ਪੈਸੇ ਨਹੀਂ ਦੇਣਗੇ। ਇਸ 'ਤੇ ਡਿਲੀਵਰੀ ਬੁਆਏ ਨੇ ਜੋੜੇ ਦੀ ਵੀਡੀਓ ਬਣਾਈ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਹ ਘਟਨਾ ਮੁੰਬਈ ਦੇ ਉਪਨਗਰ ਭਾਂਡੁਪ ਵਿੱਚ ਸਾਈਂ ਰਾਧੇ ਨਾਮਕ ਇੱਕ ਇਮਾਰਤ ਵਿੱਚ ਵਾਪਰੀ। ਇਸ ਜੋੜੇ ਨੇ ਡੋਮਿਨੋਜ਼ ਨਾਮਕ ਇੱਕ ਪੀਜ਼ਾ ਰੈਸਟੋਰੈਂਟ ਤੋਂ ਪੀਜ਼ਾ ਆਰਡਰ ਕੀਤਾ ਸੀ। ਜਦੋਂ ਡਿਲੀਵਰੀ ਬੁਆਏ ਰੋਹਿਤ ਲਾਵਾਰੇ ਪੀਜ਼ਾ ਲੈ ਕੇ ਜੋੜੇ ਦੇ ਘਰ ਪਹੁੰਚਿਆ, ਤਾਂ ਉਨ੍ਹਾਂ ਨੇ ਲੋਹੇ ਦੇ ਦਰਵਾਜ਼ੇ ਦੀ ਗਰਿੱਲ ਵਿੱਚੋਂ ਝਾਤੀ ਮਾਰੀ ਅਤੇ ਡਿਲੀਵਰੀ ਬੁਆਏ ਨੂੰ ਮਰਾਠੀ ਵਿੱਚ ਗੱਲ ਕਰਨ ਲਈ ਕਿਹਾ। ਇਸ 'ਤੇ ਡਿਲੀਵਰੀ ਬੁਆਏ ਨੇ ਕਿਹਾ ਕਿ ਉਹ ਮਰਾਠੀ ਨਹੀਂ ਜਾਣਦਾ ਅਤੇ ਜੋੜਾ ਗੁੱਸੇ ਹੋ ਗਿਆ। ਉਸ ਨੇ ਕਿਹਾ ਕਿ ਜੇਕਰ ਤੁਸੀਂ ਮਰਾਠੀ ਵਿੱਚ ਨਹੀਂ ਬੋਲਦੇ ਤਾਂ ਤੁਹਾਨੂੰ ਪੈਸੇ ਨਹੀਂ ਦਿੱਤੇ ਜਾਣਗੇ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਵੀਡੀਓ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਦਰਵਾਜ਼ੇ ਦੇ ਅੰਦਰੋਂ ਜੋੜੇ ਨੇ ਡਿਲੀਵਰੀ ਬੁਆਏ ਨੂੰ ਕਿਹਾ ਕਿ ਜੇਕਰ ਉਸ ਨੂੰ ਪੈਸੇ ਚਾਹੀਦੇ ਹਨ, ਤਾਂ ਉਸਨੂੰ ਮਰਾਠੀ ਬੋਲਣੀ ਪਵੇਗੀ। ਇਸ 'ਤੇ, ਜਦੋਂ ਡਿਲੀਵਰੀ ਬੁਆਏ ਰੋਹਿਤ ਨੇ ਮਰਾਠੀ ਭਾਸ਼ਾ ਨਾ ਆਉਣ ਦਾ ਹਵਾਲਾ ਦਿੱਤਾ, ਤਾਂ ਜੋੜੇ ਨੇ ਕਿਹਾ ਕਿ ਉਸਨੂੰ ਮਰਾਠੀ ਬੋਲਣੀ ਪਵੇਗੀ। ਇਸ 'ਤੇ ਡਿਲੀਵਰੀ ਬੁਆਏ ਨੇ ਕਿਹਾ ਕਿ ਇਹ ਜ਼ਬਰਦਸਤੀ ਹੈ। ਇਸ 'ਤੇ ਔਰਤ ਨੇ ਜਵਾਬ ਦਿੱਤਾ ਕਿ ਇੱਥੇ ਇਹੀ ਹੁੰਦਾ ਹੈ।

ਇਸ ਦੌਰਾਨ, ਡਿਲੀਵਰੀ ਬੁਆਏ ਨੇ ਦੋਵਾਂ ਦੀ ਵੀਡੀਓ ਰਿਕਾਰਡ ਕੀਤੀ। ਇਸ ਦੌਰਾਨ, ਔਰਤ ਦੇ ਪਤੀ ਨੇ ਦਰਵਾਜ਼ਾ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਔਰਤ ਨੇ ਦਖ਼ਲ ਦਿੱਤਾ, ਦੁਬਾਰਾ ਦਰਵਾਜ਼ਾ ਖੋਲ੍ਹਿਆ ਅਤੇ ਡਿਲੀਵਰੀ ਬੁਆਏ ਦੀ ਵੀਡੀਓ ਰਿਕਾਰਡ ਕਰਨੀ ਸ਼ੁਰੂ ਕਰ ਦਿੱਤੀ। ਇਸ 'ਤੇ ਡਿਲੀਵਰੀ ਬੁਆਏ ਨੇ ਕਿਹਾ ਕਿ ਆਰਡਰ ਦਿੰਦੇ ਸਮੇਂ ਉਨ੍ਹਾਂ ਨੂੰ ਦੱਸਣਾ ਚਾਹੀਦਾ ਸੀ ਕਿ ਮਰਾਠੀ ਭਾਸ਼ਾ ਬੋਲਣੀ ਹੈ। ਜੇ ਤੁਸੀਂ ਪੈਸੇ ਨਹੀਂ ਦੇਣਾ ਚਾਹੁੰਦੇ ਤਾਂ ਨਾ ਦਿਓ। ਇਸ ਤੋਂ ਬਾਅਦ ਡਿਲੀਵਰੀ ਬੁਆਏ ਨੂੰ ਪੈਸੇ ਲਏ ਬਿਨਾਂ ਹੀ ਵਾਪਸ ਜਾਣਾ ਪਿਆ।

# ਪੰਜਾਬ ਵਿਚ ਗਰਮੀ ਨੇ ਕੱਢੇ ਵੱਟ, ਪਾਰਾ 41 ਡਿਗਰੀ ਤੋਂ ਪਹੁੰਚਿਆ ਪਾਰ

**ਚੰਡੀਗੜ੍ਹ।** ਪੰਜਾਬ ਵਿੱਚ ਮੌਸਮ ਦਾ ਮਿਜ਼ਾਜ ਲਗਾਤਾਰ ਬਦਲ ਰਿਹਾ ਹੈ। ਮੌਸਮ ਵਿਭਾਗ ਦੀ ਰਿਪੋਰਟ ਅਨੁਸਾਰ, ਸੂਬੇ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ ਔਸਤਨ 1.6 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ। ਭਾਵੇਂ ਇਹ ਆਮ ਦੇ ਨੇੜੇ ਹੈ, ਪਰ ਗਰਮੀ ਦਾ ਪ੍ਰਭਾਵ ਵਧ ਰਿਹਾ ਹੈ। ਅਗਲੇ ਤਿੰਨ ਦਿਨਾਂ ਤੱਕ ਪੰਜਾਬ ਵਿੱਚ ਤਾਪਮਾਨ ਵਧਦਾ ਰਹੇਗਾ ਪਰ, 17 ਮਈ ਤੋਂ ਦੁਬਾਰਾ ਰਾਹਤ ਮਿਲਣ ਦੀ ਸੰਭਾਵਨਾ ਹੈ।

# ਬਿਹਾਰ ਸਟੇਟ ਦੇ ਗਵਰਨਰ ਆਰਿਫ ਮੁਹੰਮਦ ਖਾਂ ਤੁਰੰਤ ਅਸਤੀਫਾ ਦੇਣ

**● ਬੁੱਧ ਪੂਰਨਿਮਾ 'ਤੇ ਬਿਹਾਰ ਦੇ ਗਵਰਨਰ ਨੇ ਤਥਾਗਤ ਬੁੱਧ ਨੂੰ ਯਾਦ ਨਹੀਂ ਕੀਤਾ, ਸਗੋਂ ਨਿਰਾਦਰ ਕੀਤਾ**
**● ਬੋਧੀ ਭਾਈਚਾਰੇ ਵੱਲੋਂ ਗਵਰਨਰ ਦੇ ਇਸ ਰਵੱਈਏ ਪ੍ਰਤੀ ਭਾਰੀ ਰੋਸ ● ਗਵਰਨਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ -ਐਡਵੋਕੇਟ ਸਾਂਪਲਾ**

**ਜਲੰਧਰ (ਪਰਮਜੀਤ ਜੱਸਲ)-** "ਬੁੱਧ ਪੂਰਨਿਮਾ 'ਤੇ ਬਿਹਾਰ ਸਟੇਟ ਦੇ ਗਵਰਨਰ ਆਰਿਫ ਮੁਹੰਮਦ ਖਾਂ ਸਾਹਿਬ ਨੇ ਬੋਧ ਗਯਾ ਮੰਦਰ ਵਿਖੇ ਸਮਾਗਮ ਸਮੇਂ ਤਥਾਗਤ ਬੁੱਧ ਨੂੰ ਯਾਦ ਨਹੀਂ ਕੀਤਾ ,ਸਗੋਂ ਹੋਰ ਦੇਵੀ ਦੇਵਤਿਆਂ ਨੂੰ ਧਿਆਇਆ ਗਿਆ। ਜਿਸ ਨਾਲ ਬੋਧੀ ਭਿਕਸ਼ੂਆਂ ਅਤੇ ਬੋਧੀ ਉਪਾਸਕਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ। ਇਸ ਕਾਰਨਾਮੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।" ਉਪਰੋਕਤ ਵਿਚਾਰ ਪੰਜਾਬ ਬੁੱਧਿਸ਼ਟ ਸੁਸਾਇਟੀ (ਰਜਿ) ਪੰਜਾਬ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਜੀ ਨੇ ਕਹੇ। ਐਡਵੋਕੇਟ ਸਾਂਪਲਾ ਨੇ ਕਿਹਾ ਕਿ ਗਵਰਨਰ ਸਾਹਿਬ ਦੇਸ਼ ਦੇ ਧਰਮ ਨਿਰਪੱਖ ਨੇਤਾ ਹੁੰਦੇ ਹਨ। ਪਰ ਉਨਾਂ ਦਾ ਇਸ ਤਰ੍ਹਾਂ ਦਾ ਰੱਵਈਆ ਨਿੰਦਣਯੋਗ ਹੈ। ਬੋਧੀ ਭਾਈਚਾਰੇ ਵਿੱਚ ਇਸ ਪ੍ਰਤੀ ਕਾਫੀ ਰੋਸ ਪਾਇਆ ਜਾ ਰਿਹਾ। ਉਨਾਂ ਨੇ ਇਹ ਵੀ ਕਿਹਾ ਕਿ ਇਸ ਕਾਲੇ ਕਾਰਨਾਮੇ ਲਈ ਗਵਰਨਰ ਸਾਹਿਬ ਤੋ ਅਸਤੀਫੇ ਦੀ ਮੰਗ ਕੀਤੀ ਹੈ।



ਬੁੱਧ ਪੂਰਨਿਮਾ ਦੇ ਸ਼ੁੱਭ ਅਵਸਰ 'ਤੇ ਤਥਾਗਤ ਬੁੱਧ ਨੂੰ ਇਗਨੋਰ ਕਰਨਾ ,ਇੱਕ ਸੋਚੀ ਸਮਝੀ ਸਾਜ਼ਿਸ਼ ਹੈ। ਬੋਧ ਗਯਾ ਮੁਕਤੀ ਅੰਦੋਲਨ ਧਰਨਾ ਸਥਲ 'ਤੇ ਬੁੱਧ ਪੂਰਨਿਮਾ 'ਤੇ ਸ੍ਰੀ ਲਾਮਾ ਜੀ ਦੀ ਅਪੀਲ 'ਤੇ 3 ਲੱਖ ਸ਼ਰਧਾਲੂ ਇਕੱਠੇ ਹੋਏ। ਭਿਖਸ਼ੂ ਸੰਘ, ਭਿਖਸ਼ੂ ਪ੍ਰਗਿਆ ਬੋਧੀ , ਡਾਕਟਰ ਹਰਬੰਸ ਬਿਰਦੀ (ਪੰਜਾਬ)ਅਤੇ ਆਲ ਇੰਡੀਆ ਬੁੱਧਿਸਟ ਸੋਸਾਇਟੀ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਜੀ ਨੇ ਘੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਹਨਾਂ ਕਿਹਾ ਕਿ ਗਵਰਨਰ ਸਾਹਿਬ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ, ਜਿਸ ਨੇ ਤਥਾਗਤ ਬੁੱਧ ਦਾ ਸਤਿਕਾਰ ਨਹੀਂ ਕੀਤਾ, ਸਗੋਂ ਉਨਾਂ ਦੀ ਪ੍ਰਤਿਮਾ ਵੱਲ ਪਿੱਠ ਕਰਕੇ ਖੜੇ ਰਹੇ। ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਰਹੇ।ਬੋਧੀ ਭਾਈਚਾਰੇ ਵੱਲੋਂ 05 ਜੂਨ,2025 ਨੂੰ ਦਿੱਲੀ ਦੇ ਜੰਤਰ ਮੰਤਰ ਤੇ ਗਵਰਨਰ ਦੇ ਵਿਰੁੱਧ ਧਰਨਾ ਦਿੱਤਾ ਜਾਵੇਗਾ ਅਤੇ ਅਸਤੀਫੇ ਦੀ ਮੰਗ ਕੀਤੀ ਜਾਵੇਗੀ।




SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਮਾਨ ਦੇ ਵੀ.ਆਈ.ਪੀ ਕਲਚਰ ਨੇ ਰੋਕੀ ਲੋਕਾਂ ਦੇ ਜਨ-ਜੀਵਨ ਦੀ ਰਫਤਾਰ - ਐਡਵੋਕੇਟ ਘੁੰਮਣ

## ਝੂਠ ਤੇ ਫਰੇਬ ਦੀ ਰਾਜਨੀਤੀ ਕਰਨ ਵਾਲਿਆਂ ਨੂੰ ਇਸ ਵਾਰ ਸ਼ਹਿਰ ਦੇ ਲੋਕ ਵੋਟ ਦੀ ਤਾਕਤ ਨਾਲ ਦੇਣਗੇ ਜਵਾਬ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਆਮ ਆਦਮੀ ਪਾਰਟੀ ਵੱਲੋਂ ਪਹਿਲਾਂ ਦਿੱਲੀ ਤੇ ਹੁਣ ਪੰਜਾਬ 'ਚ ਝੂਠ ਅਤੇ ਫਰੇਬ ਦੀ ਰਾਜਨੀਤੀ ਕਰਕੇ ਲੋਕਾਂ ਨੂੰ ਐਸਾ ਰੰਗ ਦਿਖਾਇਆ ਕਿ ਲੋਕ ਹੁਣ ਆਪਣੇ ਕੀਤੇ ਦਾ ਹੀ ਪਛਤਾਵਾ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਅੱਜ ਵਿਕਾਸ ਦੇ ਨਾਂ ਤੇ ਉਦਘਾਟਨ ਲਈ ਸ਼ਹਿਰ ਵਿੱਚ ਪੁੱਜੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਫੇਰੀ ਨਾਲ ਲੋਕਾਂ ਦਾ ਐਸਾ ਜਨ-ਜੀਵਨ ਰੁਕਿਆ ਕਿ ਤਪਦੀ ਦੁਪਹਿਰ ਨੇ ਆਮ ਆਦਮੀ ਦਾ ਪਾਰਾ ਸੱਤਵੇਂ ਆਸਮਾਨ ਤੇ ਪਹੁੰਚਾ ਦਿੱਤਾ। ਸ਼ਹਿਰ ਦੇ ਹਰ ਚੌਂਕ ਵਿੱਚ ਲੱਗੇ ਵੱਡੇ-ਵੱਡੇ ਜਾਮ ਕਾਰਨ ਐਂਬੂਲੈਂਸਾਂ ਵਿੱਚ ਬੈਠੇ ਮਰੀਜ਼ਾਂ ਦੇ ਨਾਲ ਉਨ੍ਹਾਂ ਦੇ ਪ੍ਰਵਾਰਕ ਮੈਂਬਰ ਜਿੱਥੇ ਜਾਮ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਸਨ ਉੱਥੇ ਮਰੀਜ਼ ਦੀ ਸਲਾਮਤੀ ਲਈ ਰੱਬ ਅੱਗੇ ਹੱਥ ਜੋੜ ਦੁਆਵਾਂ ਵੀ ਮੰਗ ਰਹੇ ਸਨ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਦ ਇਹ ਪਾਰਟੀ ਲੋਕਾਂ ਵਿੱਚ ਵੋਟਾਂ ਮੰਗਣ ਆਈ ਸੀ ਤਾਂ ਇਸ ਨੇ ਲੋਕਾਂ ਨਾਲ ਇਹ ਝੂਠਾ ਵਾਅਦਾ ਕੀਤਾ ਸੀ ਕਿ ਇਹ ਪਾਰਟੀ ਆਮ ਆਦਮੀ ਦੇ ਪ੍ਰੀਵਾਰ ਤੇ ਆਮ ਆਦਮੀ ਦੇ ਲੋਕਾਂ ਵਿੱਚੋਂ ਉੱਠ ਕੇ ਆਈ ਹੈ ਤੇ ਇਹ ਆਮ ਲੋਕਾਂ ਦੇ ਹਰ ਦੁੱਖ ਦਰਦ ਨੂੰ ਜਾਣਦੀ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਪਾਰਟੀ ਲੋਕਾਂ ਲਈ ਵੱਡਾ ਸਿਰ ਦਰਦ ਬਣ ਕੇ ਸਾਹਮਣੇ ਆ ਚੁੱਕੀ ਹੈ। ਘੁੰਮਣ ਨੇ ਕਿਹਾ ਕਿ ਅੱਜ ਮੁੱਖ ਮੰਤਰੀ ਦੇ ਕਾਫਲੇ ਅਤੇ ਵੀ.ਆਈ.ਪੀ. ਕਲਚਰ ਕਰਕੇ ਰੁਕੇ ਹੋਏ ਟ੍ਰੈਫਿਕ ਨਾਲ ਪੂਰੇ ਸ਼ਹਿਰ ਦੀ ਨਬਜ਼ ਰੁਕੀ ਹੋਈ ਸੀ । ਉਨ੍ਹਾਂ ਪੰਜਾਬ ਅਤੇ ਸ਼ਹਿਰ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਕਹਿਣੀ ਤੇ ਕਥਨੀ ਵਿੱਚ ਵੱਡਾ ਅੰਤਰ ਹੈ ਜਿਸ ਨੂੰ ਖਤਮ ਕਰਨ ਦਾ ਸਮਾਂ ਆ ਚੁੱਕਿਆ ਹੈ। ਵੋਟ ਦੀ ਤਾਕਤ ਤੁਹਾਡੇ ਹੱਥਾਂ ਵਿੱਚ ਹੈ।





**ਪ੍ਰਉਪਕਾਰ ਸਿੰਘ ਘੁੰਮਣ ਐਡਵੋਕੇਟ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ।**

# ਆਉਂਦੇ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਿਆਂ ਦੀ ਦਲਦਲ 'ਚੋਂ ਬਾਹਰ ਕੱਢ ਲਵਾਂਗੇ : ਬਲਤੇਜ ਪੰਨੂੰ

## ਬਲਤੇਜ ਪੰਨੂੰ ਉਚੇਚੇ ਤੌਰ 'ਤੇ ਐੱਸ. ਡੀ ਸਭਾ (ਰਜਿ:) ਬਰਨਾਲਾ ਦੇ ਚੇਅਰਮੈਨ ਸ਼ਿਵਦਰਸ਼ਨ ਸ਼ਰਮਾਂ ਨੂੰ ਮਿਲਣ ਪੁਹੰਚੇ



ਬਰਨਾਲਾ, 14 ਮਈ ( ਚੰਡਿਹੋਕ) : ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮਹਿੰਮ ਤਹਿਤ ਅੰਤਿਮ ਰੂਪ ਰੇਖਾ ਤਿਆਰ ਕਰ ਲਈ, ਜਿਸ ਦੇ ਨਤੀਜੇ ਆਉਣ ਵਾਲੇ ਕੁੱਝ ਦਿਨਾਂ ਵਿੱਚ ਸਾਹਮਣੇ ਆਉਣ ਲੱਗ ਜਾਣਗੇ ਅਤੇ ਹੁਣ ਨਸ਼ਿਆਂ ਵਿਰੱਧ ਲੜਾਈ ਵਿੱਚ ਸੂਬੇ ਦੇ ਆਮ ਲੋਕ ਅਹਿਮ ਭੂਮਿਕਾ ਨਿਭਾਉਣਗੇ। ਇਹ ਪ੍ਰਗਟਾਵਾ ਯੁੱਧ ਨਸ਼ਿਆਂ ਵਿਰੱਧ ਮੁਹਿੰਮ ਦੇ ਇੰਚਾਰਜ ਬਲਤੇਜ ਪੰਨੂੰ ਵੱਲੋਂ ਕੀਤਾ ਗਿਆ। ਐੱਸ.ਡੀ ਸਭਾ (ਰਜਿ:) ਬਰਨਾਲਾ ਦੇ ਚੇਅਰਮੈਨ ਸ਼ਿਵਦਰਸ਼ਨ ਕੁਮਾਰ ਸ਼ਰਮਾ ਨੂੰ ਉਚੇਚੇ ਤੌਰ 'ਤੇ ਮਿਲਣ ਲਈ ਪੁਹੰਚੇ ਬਲਤੇਜ ਪੰਨੂੰ ਨੇ ਕਿਹਾ ਕਿ ਪਹਿਲਾਂ ਪੰਜਾਬ ਦਾ ਇੱਕ ਜ਼ਿਲ੍ਹਾ ਚੁਣਕੇ ਉਸ ਜਿਲ੍ਹੇ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚੋਂ ਮੁਕੰਮਲ ਤੌਰ 'ਤੇ ਸੰਥੈਟਿਕ ਨਸ਼ੇ ਦਾ ਖਾਤਮਾ ਕੀਤਾ ਜਾਵੇ ਅਤੇ ਇਸ ਤਰ੍ਹਾਂ ਪੂਰੇ ਪੰਜਾਬ 'ਚੋਂ ਚਿੱਟੇ ਦੀ ਅਲਾਮਤ ਨੂੰ ਖਤਮ ਕਰ ਦਿੱਤਾ ਜਾਵੇ। ਓਹਨਾਂ ਕਿਹਾ ਕਿ ਨਸ਼ਿਆਂ ਦਾ ਜਾਲ ਬਹੁਤ ਭੈੜੀ ਤਰਾਂ ਫੈਲਿਆ ਹੋਇਆ ਹੈ ਅਤੇ ਬਹੁਤ ਵੱਡੇ ਵੱਡੇ ਨਾਮ ਵਿੱਚ ਧੰਦੇ ਵਿੱਚ ਸਾਮਲ ਹਨ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਤਹੱਈਆ ਕਰ ਲਿਆ ਹੈ ਕਿ ਭਾਵੇਂ ਕਿਸੇ ਵੀ ਪਾਰਟੀ ਨਾਲ ਜੁੜਿਆ ਕੋਈ ਕਿੰਨੀ ਵੀ ਵੱਡੀ ਰਾਜਸੀ ਪੁਹੰਚ ਵਾਲਾ ਕਿਉਂ ਨਾਲ ਹੋਵੇ, ਜੇਕਰ ਉਹ ਨਸ਼ੇ ਦੇ ਧੰਦੇ ਨਾਲ ਜੁੜਿਆ ਹੋਇਆ ਨਿਕਲਦਾ ਹੈ ਤਾਂ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਐੱਸ.ਡੀ ਸਭਾ ਦੇ ਜਨਰਲ ਸੈਕਟਰੀ ਸ਼ਿਵ ਸਿੰਗਲਾ, ਐੱਸ.ਐੱਸ.ਡੀ ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ, ਐਡਵੋਕੇਟ ਸਰਬਜੀਤ ਨੰਗਲ, ਦਲਜੀਤ ਸਿੰਘ ਕੈਨੇਡਾ, ਗੁਰਵਿੰਦਰ ਸਿੰਘ ਪਟਿਆਲਾ ਆਦਿ ਹਾਜਰ ਸਨ।

# ਜੀ ਡੀ ਗੋਇਨਕਾ ਸਕੂਲ ਦੇ ਵਿਦਿਆਰਥੀਆਂ ਨੇ ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜਿਆਂ 'ਚ ਮਾਰੀਆਂ ਮੱਲ੍ਹਾਂ

## ਮਨਵੀਨ ਕੌਰ ਮੁੱਤੀ 98.2 % ਅੰਕ ਲੈ ਕੇ ਰਹੀ ਅੱਵਲ

**ਕਪੂਰਥਲਾ (ਕੌੜਾ)-** ਅਕਾਦਮਿਕ ਸਾਲ 2024-2025 ਵਿੱਚ ਹੋਈਆਂ 10ਵੀਂ ਅਤੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ 'ਚ ਜੀ ਡੀ ਗੋਇਨਕਾ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।10ਵੀਂ ਜਮਾਤ ਦੀ ਵਿਦਿਆਰਥਣ ਮਨਵੀਨ ਕੌਰ ਨੇ 98.2% ਅੰਕ ਪ੍ਰਾਪਤ ਕਰ ਪਹਿਲਾਂ , ਤਨਵੀਰ ਕੌਰ ਨੇ 92 % ਅੰਕ ਪ੍ਰਾਪਤ ਦੂਜਾ ਅਤੇ ਗੁਰਲਾਲ ਸਿੰਘ ਨੇ 89 % ਅੰਕ ਪ੍ਰਾਪਤ ਤੀਜਾ ਸਥਾਨ ਹਾਸਲ ਕੀਤਾ। ਸਾਰੇ ਵਿਦਿਆਰਥੀ ਫਸਟ ਡਵੀਜ਼ਨ ਵਿੱਚ ਪਾਸ ਹੋਏ। ਜਿਸ ਵਿੱਚ ਮਨਵੀਨ ਕੌਰ ਮੁੱਤੀ ਨੇ ਪੰਜਾਬੀ 'ਚ 100 ਫ਼ੀਸਦੀ, ਹਿੰਦੀ ਅਤੇ ਆਈ ਟੀ 'ਚ 99 ਫ਼ੀਸਦੀ, ਤਨਵੀਰ ਕੌਰ ਨੇ ਪੰਜਾਬੀ 'ਚ 98ਫੀਸਦੀ , ਹਿੰਦੀ 92ਫੀਸਦੀ ਅਤੇ ਅੰਗਰੇਜ਼ੀ 'ਚ 94 ਫ਼ੀਸਦੀ, ਗੁਰਲਾਲ ਸਿੰਘ ਨੇ ਪੰਜਾਬੀ ਤੇ ਆਈ ਟੀ 'ਚ 94 ਫੀਸਦੀ , ਹਰਮਿਹਰ ਸਿੰਘ ਮੁੱਤੀ ਨੇ ਆਈ ਟੀ 'ਚ 93 ਫ਼ੀਸਦੀ ਅਤੇ ਅੰਗਰੇਜ਼ੀ 'ਚ 91ਫੀਸਦੀ, ਗੁਰਮਨ ਸਿੰਘ ਨੇ ਰਿਟੇਲ 'ਚ 93ਫੀਸਦੀ ਅਤੇ ਪੰਜਾਬੀ 'ਚ 92 ਫੀਸਦੀ ਅੰਕ ਪ੍ਰਾਪਤ ਕੀਤੇ । ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਦਾ ਨਤੀਜਾ ਵੀ ਸ਼ਾਨਦਾਰ ਰਿਹਾ । ਜਿਸ ਵਿੱਚ ਜਸਕਰਨ ਸਿੰਘ ਨੇ ਪਹਿਲਾ, ਦਿਵਿਆਂਕ ਨੇ ਦੂਜਾ ਅਤੇ ਹਰਵਿੰਦਰ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ । ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਨੇ ਸਕੂਲ ਦੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ , ਉਹਨਾਂ ਦੇ ਮਾਪਿਆਂ ਤੇ ਸਕੂਲ ਦੇ ਮਿਹਨਤੀ ਸਟਾਫ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਸਫਲਤਾ ਵੱਲ ਵਧਦੇ ਰਹਿਣ ਲਈ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਹਸਪਤਾਲ ਵਿਖੇ ਹੋਈ ਮੀਟਿੰਗ



**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਜੇਠ ਮਹੀਨੇ ਦੀ ਸੰਗਰਾਂਦ ਅਤੇ ਪਹਿਲੇ ਖਾਲਸਾ ਰਾਜ ਦੇ ਸਥਾਪਨਾ ਦਿਵਸ ਦੇ ਸੰਬੰਧ ਵਿੱਚ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਹਸਪਤਾਲ ਦੇ ਮੀਟਿੰਗ ਹਾਲ ਵਿੱਚ ਮੀਟਿੰਗ ਹੋਈ । ਮੀਟਿੰਗ ਵਿੱਚ ਪ੍ਰਧਾਨ ਗੁਰਦੇਵ ਸਿੰਘ, ਚੇਅਰਮੈਨ ਡਾ.ਅੰਮ੍ਰਿਤਪਾਲ ਸਿੰਘ, ਹਰਬੰਸ ਸਿੰਘ ਪ੍ਰਧਾਨ, ਸੈਕਟਰੀ ਗੁਰਦੇਵ ਸਿੰਘ, ਕੈਸ਼ੀਅਰ ਵਰਿੰਦਰ ਸਿੰਘ ਰਾਜੀ, ਸਤਿੰਦਰਪਾਲ ਸਿੰਘ ਗੰਭੀਰ, ਹਰਬੰਸ ਸਿੰਘ ਸਲੂਜਾ, ਕਥਾਵਾਚਕ ਗਿਆਨੀ ਫਤਿਹ ਸਿੰਘ, ਸਾਬਕਾ ਸਰਪੰਚ ਬਲਜੀਤ ਸਿੰਘ ਗਿੱਲ, ਸਤਪਾਲ ਸਿੰਘ ਮੌਜੂਦ ਸਨ।

# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸੌ ਪ੍ਰਤੀਸ਼ਤ







**ਸੰਦੀਪ ਸਿੰਘ 'ਬਖੋਪੀਰ' (ਸਮਾਜ ਵੀਕਲੀ)** ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਸੀ.ਬੀ.ਐਸ.ਈ ਬੋਰਡ ਦਸਵੀਂ ਜਮਾਤ ਦਾ ਨਤੀਜਾ ਘੋਸ਼ਿਤ ਹੋਇਆ ਜਿਸ ਵਿੱਚ ਦੀਵਾਨ ਟੋਡਰਮੱਲ ਪਬਲਿਕ ਸਕੂਲ ਕਾਕੜਾ ਦਾ ਦਸਵੀਂ ਜਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਦਸਵੀਂ ਜਮਾਤ ਵਿੱਚੋਂ ਸਕੂਲ ਦੀ ਵਿਦਿਆਰਥਣ ਸਿਮਰਨ ਬਾਵਾ ਸਪੁੱਤਰੀ ਰਜਿੰਦਰ ਸਿੰਘ ਨੇ ਇੰਗਲਿਸ਼ ਵਿਸ਼ੇ ਵਿੱਚੋਂ 100 ਵਿੱਚੋਂ 99, ਸਾਇੰਸ 99, ਪੰਜਾਬੀ 98, ਮੈਥ 96 ਅੰਕ ਹਾਸਲ ਕਰਦੇ ਹੋਏ। 500 ਵਿੱਚੋਂ 478 ਅੰਕ ਪ੍ਰਾਪਤ ਕਰਕੇ 96% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ ਜੀਨੀਆ ਧਵਨ ਸਪੁੱਤਰੀ ਨਰਿੰਦਰ ਕੁਮਾਰ ਨੇ ਪੰਜਾਬੀ ਵਿੱਚੋਂ 94 ਅਤੇ 500 ਵਿੱਚੋਂ 445 ਅੰਕ ਹਾਸਲ ਕਰਕੇ 89% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ। ਚਹਿਨਪ੍ਰੀਤ ਕੌਰ ਸਪੁੱਤਰੀ ਸੁਖਵਿੰਦਰ ਸਿੰਘ ਨੇ ਹਿੰਦੀ ਵਿਸ਼ੇ ਵਿੱਚੋਂ 94 ਅੰਕ ਹਾਸਲ ਕਰਦੇ ਹੋਏ 500 ਵਿੱਚੋਂ 434 ਅੰਕ ਹਾਸਲ ਕਰਕੇ 87.8% ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਨੇ ਸਮੂਹ ਮਾਪਿਆਂ ਨੂੰ ਵਧਾਈ ਪੇਸ਼ ਕੀਤੀ ਅਤੇ ਮਿਹਨਤੀ ਅਧਿਆਪਕਾਂ ਤੇ ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਇਸੇ ਤਰ੍ਹਾਂ ਮਿਹਨਤ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਆਸ਼ੀਰਵਾਦ ਦਿੱਤਾ ਮੌਕੇ ਉੱਤੇ ਸਕੂਲ ਮਨੇਂਜਰ ਸਰਦਾਰ ਸਰਬਜੀਤ ਸਿੰਘ ਜੀ, ਕਮਲਦੀਪ ਸਿੰਘ ਝਨੇੜੀ ਜੀ ਸਕੂਲ ਪ੍ਰਬੰਧਕ ਡਰਾਇਕਟਰ ਡਾ: ਗੁਰਮੀਤ ਸਿੰਘ, ਦਸਵੀਂ ਜਮਾਤ ਇੰਚਾਰਜ ਕੋਆਡੀਨੇਟਰ ਮੈਡਮ ਬਲਜੀਤ ਕੌਰ ਮੈਡਮ ਹਰਗਿੰਦਰ ਕੌਰ, ਸੰਦੀਪ ਸਿੰਘ,ਸਨਮੀਤ ਸਿੰਘ, ਗੁਰਜੰਟ ਸਿੰਘ, ਜਗਤਾਰ ਸਿੰਘ ਅਤੇ ਹਰਵਿੰਦਰ ਸਿੰਘ ਮੌਜੂਦ ਸਨ।

# 98 ਫ਼ੀਸਦੀ ਅੰਕ ਲੈਣ ਵਾਲੀ ਮਨਵੀਰ ਕੌਰ ਆਈ. ਏ. ਐੱਸ ਅਫਸਰ ਬਣਨਾ ਚਾਹੁੰਦੀ ਹੈ



ਮਨਵੀਨ ਕੌਰ ਦਾ ਮੂੰਹ ਮਿੱਠਾ ਕਰਵਾਂਦੇ ਉਸ ਦੇ ਪਿਤਾ ਸੁਖਦੇਵ ਸਿੰਘ ਨਾਨਕ ਪੁਰ ਅਤੇ ਮਾਤਾ ਪਰਮਿੰਦਰ ਕੌਰ।

**ਕਪੂਰਥਲਾ (ਕੌੜਾ)**- ਜੀ. ਡੀ ਗੋਇਨਕਾ ਸਕੂਲ ਵਿੱਚੋਂ 98.2 ਅੰਕ ਹਾਸਿਲ ਕਰਕੇ ਜਿਲ੍ਹੇ ਵਿੱਚੋਂ ਉੱਚ ਪੁਜੀਸ਼ਨ ਹਾਸਲ ਕਰਨ ਵਾਲੀ ਅਕਾਲੀ ਆਗੂ ਸੁਖਦੇਵ ਸਿੰਘ ਨਾਨਕਪੁਰ ਦੀ ਹੋਣਹਾਰ ਬੇਟੀ ਮਨਵੀਨ ਕੌਰ ਆਈ. ਏ. ਐੱਸ ਅਫਸਰ ਬਣਨਾ ਚਾਹੁੰਦੀ ਹੈ । ਉਸ ਨੇ ਆਪਣੀ ਇਸ ਪ੍ਰਾਪਤੀ ਲਈ ਸਕੂਲ ਦੇ ਮਿਹਨਤੀ ਸਟਾਫ ਅਤੇ ਆਪਣੇ ਮਾਤਾ-ਪਿਤਾ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਉਹਨਾਂ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ । ਉਸ ਨੇ ਕਿਹਾ ਕਿ ਉਹ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਆਪਣੇ ਸੁਪਨੇ ਸਾਕਾਰ ਕਰੇਗੀ ।ਇਸ ਦੌਰਾਨ ਮਨਵੀਰ ਕੌਰ ਦੀ ਇਸ ਕਾਮਯਾਬੀ ਤੇ ਉਹਨਾਂ ਦੇ ਪਿਤਾ ਸੁਖਦੇਵ ਸਿੰਘ ਤੇ ਮਾਤਾ ਪਰਮਿੰਦਰ ਕੌਰ ਨੇ ਖੁਸ਼ੀ ਜ਼ਾਹਰ ਕੀਤੀ ਤੇ ਕਿਹਾ ਕਿ ਇਹ ਮਨਵੀਰ ਦੀ ਮਿਹਨਤ ਦਾ ਹੀ ਨਤੀਜਾ ਹੈ। ਉਹਨਾਂ ਕਿਹਾ ਸਾਨੂੰ ਮਨਵੀਰ ਦੀ ਇਸ ਕਾਮਯਾਬੀ ਦੀ ਬਦੌਲਤ ਰਿਸ਼ਤੇਦਾਰਾਂ, ਮਿੱਤਰਾਂ,ਤੇ ਦੇਸ਼ਾਂ ਵਿਦੇਸ਼ਾਂ ਤੋਂ ਵਧਾਈਆਂ ਮਿਲ ਰਹੀਆਂ ਹਨ।





**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਇੱਕ ਸੰਧੂ ਹੁੰਦਾ ਸੀ ਲੋਕ ਯਾਦ ਰੱਖਣ ਗੇ ਪ੍ਰਧਾਨ ਯਾਦਾ ਸੁਰਖਪੁਰ ਤੇ ਸਾਰੀ ਪੰਜਾਬ ਯੂਨਾਈਟਡ ਕਬੱਡੀ ਫੈਡਰੇਸ਼ਨ ਦਾ ਇਹ ਬਹੁਤ ਵਧੀਆ ਉਪਰਾਲਾ ਕਬੱਡੀ ਦੇ ਮਹਾਨ ਹੀਰੇ ਖਿਡਾਰੀ ਜੋ ਇਸ ਦੁਨੀਆ ਵਿੱਚ ਨਹੀ ਰਹੇ ਉਹਨਾਂ ਦੇ ਪਰਿਵਾਰ ਨੂੰ ਸਨਮਾਨ ਦੇਣਾ ਮਾਂ ਖੇਡ ਕਬੱਡੀ ਸਾਡੀ ਸਾਰਿਆ ਦੀ ਸਾਂਝੀ ਖੇਡ ਆ ਖਿਡਾਰੀ ਸਾਰਿਆ ਦੇ ਸਾਂਝੇ ਹਨ ਯਾਦਾ ਸੁਰਖਪੁਰੀਆ ਤੁਹਾਡੇ ਵੱਲੋ ਲਿਆ ਇਹ ਕਦਮ ਸ਼ਲਾਂਘਾਯੋਗ ਹੈ ਆਉਣ ਵਾਲੇ ਟਾਈਮ ਚ ਕਬੱਡੀ ਦੀ ਬੇਹਤਰੀ ਲਈ ਬਹੁਤ ਚੰਗਾ ਹੋਵੇਗਾ ।

for more news visit:
www.samajweekly.com

# ਮੇਲਾ ਐਡੀਲੇਡ ਦਾ ਭਰਵੇ ਇਕੱਠ ਚ ਫਸਵੇਂ ਤੇ ਰੌਚਿਕ ਕਬੱਡੀ ਮੈਚਾਂ ਵਿਚੋ ਖ਼ਾਲਸਾ ਐਡੀਲੇਡ ਕਲੱਬ ਦੀ ਟੀਮ ਨੇ ਜੇਤੂ ਕੱਪ ਚੁੰਮਿਆ

**ਐਡੀਲੇਡ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**
ਐਡੀਲੇਡ ਮੇਲਾ ਐਡੀਲੇਡ ਦਾ ਐਲਿਸ ਪਾਰਕ (ਪਾਰਕ 24) ਵੈਸਟ ਟੈਰਸ ਚ ਇੰਡੀਅਨ ਆਸਟਰੇਲੀਅਨ ਮੀਡੀਆ ਆਫ਼ ਸਾਊਥ ਆਸਟ੍ਰੇਲੀਆ ਵੱਲੋਂ ਸਭਨਾਂ ਦੇ ਸਹਿਯੋਗ ਨਾਲ ਮਨਾਇਆ ਗਿਆ ਮੇਲਾ ਐਡੀਲੇਡ ਦਾ ਯਾਦਗਾਰੀ ਹੋ ਨਿਬੜਿਆ ਜਿਸ ਦਾ ਸਭਨਾਂ ਨੇ ਖ਼ੂਬ ਆਨੰਦ ਮਾਣਿਆ। ਦੂਰ ਦੁਰੇਡਿਓਂ ਵੱਡੀ ਗਿਣਤੀ ਚ ਸ਼ਿਰਕਤ ਕਰਨ ਲਈ ਸੰਗਤਾਂ ਪਹੁੰਚੀਆਂ, ਆਸਟਰੇਲੀਆ ਭਰ ਤੋਂ ਭਰਵੇਂ ਜੁੱਸੇ ਵਾਲੇ ਕਬੱਡੀ ਦੇ ਖਿਡਾਰੀਆਂ ਨੇ ਆਪਣੀ ਹਿੱਕ ਦੇ ਜ਼ੋਰ ਨਾਲ ਕਬੱਡੀ ਦੀ ਖੇਡ ਖੇਡਦਿਆਂ ਪੇਸ਼ਕਾਰੀ ਕਰਕੇ ਮੈਚਾਂ ਨੂੰ ਰੌਚਿਕ ਬਣਾਉਦਿਆ ਦਰਸ਼ਕਾਂ ਚ ਜੋਸ਼ ਭਰ ਦਿੱਤਾ। ਮੈਚਾਂ ਵਿਚੋ ਖ਼ਾਲਸਾ ਐਡੀਲੇਡ ਕਲੱਬ ਦੀ ਟੀਮ ਨੇ ਜੇਤੂ ਕੱਪ ਚੁੰਮਿਆ ਦੂਸਰੇ ਨੰਬਰ ਤੇ ਸਾਂਝ ਕਲੱਬ ਮੈਲਬੌਰਨ ਦੀ ਟੀਮ ਰਹੀ। ਬੈਸਟ ਰੇਡਰ ਕਿੰਦਾ ਬੱਧਣੀਵਾਲਾ ਤੇ ਬੈਸਟ ਜ਼ਾਂਫ਼ੀ ਦਾ ਖਿਤਾਬ ਸੁੱਖਾ ਭਘੇਲਾ ਨੇ ਜਿੱਤਿਆ। ਇਨ੍ਹਾਂ ਮੈਚਾਂ ਦਾ ਆਯੋਜਨ ਐਡੀਲੇਡ ਤੋਂ ਪਰਮਿੰਦਰ ਸਿੰਘ ਸੰਧੂ ਦੀ ਅਗਵਾਈ ਚ ਕੀਤਾ ਗਿਆ। ਐਡੀਲੇਡ ਤੋਂ ਭਰਵੇਂ ਇਕੱਠ ਵਲੋਂ ਜਿਥੇ ਡਾਲਰਾ ਰਾਹੀਂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਹੋਈ ਉੱਥੇ ਤਾੜੀਆਂ ਦੀ ਗੂੰਜ ਨੇ ਖਿਡਾਰੀਆਂ ਚ ਪੂਰਾ ਜੋਸ਼ ਭਰ ਦਿੱਤਾ। ਉੱਘੇ ਗਾਇਕ ਗਗਨ ਕੋਕਰੀ ਤੇ ਗੈਰੀ ਧਾਲੀਵਾਲ ਨੇ ਗੀਤਾਂ ਨਾਲ ਰੌਣਕਾਂ ਲਾਉਂਦੇ ਹੋਏ ਬੰਨ੍ਹਿਆ ਰੰਗ ਮੇਲਾ ਐਡੀਲੇਡ ਦਾ ਰਿਕਾਰਡ ਬਣਾਉਂਦੇ ਮੇਲੇ ਨੂੰ ਯਾਦਗਾਰੀ ਬਣਾਇਆ -ਜਿਸ ਦਾ ਸਭਨਾਂ ਨੇ ਖ਼ੂਬ ਆਨੰਦ ਮਾਣਿਆ ਇਸਦੇ ਨਾਲ ਹੀ ਬੱਚਿਆਂ ਦੀਆਂ ਰੇਸਾ ਜਿਸ ਵਿੱਚ ਵੱਧ ਚੜ੍ਹ ਕੇ ਬੱਚਿਆਂ ਨੇ ਹਿੱਸਾ ਲਿਆ। ਸੱਤ ਮੈਂਬਰੀ ਟੀਮ ਨੇ ਬੱਚਿਆਂ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਵਿਵਾਹ ਦੀਆ ਰਸ਼ਮਾ ਸਬੰਧੀ ਦਿਤੇ ਸਰਲ ਸਵਾਲਾਂ ਦੇ ਹੱਲ ਕਰਨ ਬਾਦ ਨਤੀਜੇ ਜਾਰੀ ਕੀਤੇ ਗਏ। ਵੱਧ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਗਰੇਵਾਲ ਚੱਕੀ ਆਟਾ -ਰਾਇਲ ਗੋਲਡ ਚੱਕੀ ਆਟਾ,ਇੰਡੀਅਨ ਟੈਂਪਟੇਸ਼ਨ ਰੈਸਟੋਰੈਂਟ, ਜਤਿਨ ਤੁਸ਼ਾਰ ਏਸ ਹੋਮ ਡਿਕੋਰ,ਤਾਜ ਜਿਊਲਰਜ਼, ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਤੇ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਸਟੇਜ ਤੋਂ ਜਗਰੂਪ ਬੁੱਟਰ ਤੇ ਅਮਨਦੀਪ ਕੌਰ ਵੱਲੋਂ ਮੇਲਾ ਐਡੀਲੇਡ ਦਾ ਨੂੰ ਇੱਕ ਲੜੀ ਚ ਪਰੋ ਕੇ ਦਰਸ਼ਕਾਂ ਸਨਮੁਖ ਨਿਵੇਕਲੇ ਢੰਗ ਚ ਬਾਖ਼ੂਬੀ ਪੇਸ਼ਕਾਰੀ ਕੀਤੀ। ਸਰਦਾਰ ਜਗਰੂਪ ਸਿੰਘ ਬੁੱਟਰ ਵੱਲੋਂ ਕੁਇਜ਼ ਪ੍ਰੋਗਰਾਮ ਰਾਹੀਂ ਕੀਤੀ ਪੇਸ਼ਕਾਰੀ ਦੀ ਸਭਨਾਂ ਨੇ ਸ਼ਲਾਘਾ ਕੀਤੀ ਤੇ ਬੱਚਿਆਂ ਨੂੰ ਇਨਾਮ ਵੰਡੇ ਗਏ। ਵਾਲੀਬਾਲ ਦੇ ਮੈਚਾਂ ਵਿੱਚ ਵਾਲੀਬਾਲ ਦੇ ਖਿਡਾਰੀਆਂ ਦਾ ਮੁਕਾਬਲੇ ਸਮੇਂ ਜੋਸ਼ ਵੇਖਿਆਂ ਨਜ਼ਰ ਆਉਂਦਾ ਸੀ। ਵੋਲੀਬਾਲ ਦੇ ਖਿਡਾਰੀਆਂ ਵਿਚ ਛੇ ਟੀਮਾ ਨੇ ਭਾਗ ਲਿਆ ਤੇ ਟੀਮਾ ਦੇ ਫਸਵੇਂ ਰੌਚਿਕ ਮੈਚ ਹੋਏ ਐਡੀਲੇਡ ਆਜ਼ਾਦ ਕਲੱਬ ਦੀ ਟੀਮ ਨੇ ਜੇਤੂ ਕੱਪ ਆਪਣੀ ਟੀਮ ਦੇ ਨਾਮ ਦਰਜ਼ ਕੀਤਾ ਦੂਸਰੇ ਨੰਬਰ ਤੇ ਐਡੀਲੇਡ ਸਕਾਈਰ ਦੇ ਟੀਮ ਰਹੀ। ਕੁਰਸੀ ਰੇਸ ਦੀ ਦਿਲਚਸਪ ਖੇਡ ਦਾ ਸਭਨਾਂ ਨੇ ਖ਼ੂਬ ਆਨੰਦ ਮਾਣਿਆ ਰੋਇਲ ਗੋਲਡ ਚੱਕੀ ਆਟਾ ਵਲੋ ਸਭਾਨਾ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ । ਫੋਕ ਵੇਵ ਐਡੀਲੇਡ ਗਰੁੱਪ,ਵਿਰਸਾ ਪੰਜ ਆਬ,ਗੁਰੂ ਨਾਨਕ ਸਕੂਲ ਐਲਨਬੀ ਗਾਰਡਨ ਸਮੇਤ ਜਾਗੋ ਗਰੁੱਪ,ਵੱਖ ਵੱਖ ਟੀਮਾਂ ਵੱਲੋਂ ਸਟੇਜ ਤੇ ਬੱਚਿਆਂ, ਮੁਟਿਆਰਾਂ ਨੇ ਗਿੱਧੇ ਤੇ ਭੰਗੜੇ ਦੀ ਲਾਜਵਾਬ ਢੰਗ ਨਾਲ ਪੇਸ਼ਕਾਰੀ ਕੀਤੀ। ਜਿਸ ਦਾ ਸਭਨਾਂ ਨੇ ਖ਼ੂਬ ਆਨੰਦ ਮਾਣਿਆ ਤੇ ਤਾੜੀਆਂ ਦੀ ਗੂੰਜ ਦੇ ਵਿਚ ਸ਼ਲਾਘਾ ਕੀਤੀ। ਵੱਖਰਾ ਹੀ ਰੰਗ ਬੰਨਿਆ ਕਰਨ ਬਰਾੜ ਵੱਲੋਂ ਕੀਤੀ ਪੇਸ਼ਕਾਰੀ ਰੰਗਲਾ ਪੰਜਾਬ ਦੀ ਝਲਕ ਚ ਸੱਭਿਆਚਾਰ ਦਾ ਖ਼ਜ਼ਾਨਾ ਵੇਖਣ ਨੂੰ ਮਿਲਿਆ, ਜਿਸ ਦੀ ਸਭਨਾਂ ਨੇ ਸਲਾਘਾ ਕੀਤੀ। ਲਜ਼ੀਜ਼ ਖਾਣੇ ਦਾ ਵੱਖ ਵੱਖ ਸਟਾਲਾਂ ਤੇ ਸਭਨਾਂ ਨੇ ਖ਼ੂਬ ਅਨੰਦ ਮਾਣਿਆ। ਦਰਸ਼ਕਾਂ ਵੱਲੋਂ ਮੇਲੇ ਨੂੰ ਮਿਲਿਆ ਭਰਵਾਂ ਹੁੰਗਾਰਾ,ਜਦੋਂ ਉੱਘੇ ਗਾਇਕ ਗਗਨ ਕੋਕਰੀ ਤੇ ਗੈਰੀ ਧਾਲੀਵਾਲ ਨੇ ਸਟੇਜ ਤੋਂ ਧਾਰਮਿਕ ਗੀਤ ਦੀ ਆਰੰਭਤਾ ਨਾਲ ਗੀਤਾਂ ਦੀ ਨਿਰੰਤਰ ਝੜੀ ਲਾਉਦੇ ਹੋਏ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ ਸਭਨਾਂ ਨੇ ਗੀਤਾਂ ਦੇ ਨਾਲ ਨਾਲ ਭੰਗੜੇ ਰਾਹੀਂ ਖ਼ੂਬ ਰੰਗ ਬੰਨ੍ਹਿਆ। ਮੇਲਾ ਐਡੀਲੇਡ ਦਾ ਚ ਵੱਡੇ ਪੱਧਰ ਤੇ ਧਾਰਮਿਕ,ਰਾਜਨੀਤਕ, ਸਮਾਜਿਕ ਆਗੂਆਂ ਵਿਚ ਮਾਣਯੋਗ ਦਾਨਾ ਵਾਰਟਲੇ ਮੈਂਬਰ ਪਾਰਲੀਮੈਂਟ ਟੋਰੇਂਸ ,ਰਸਲ ਵਾਰਟਲੇ ਜਿੰਗ ਲੀ ਮੈਂਬਰ ਲੈਜਿਸਲੇਟਿਵ ਕੌਂਸਿਲ ਸਮੇਤ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਮੇਲੇ ਦੀ ਕਾਮਯਾਬੀ ਲਈ ਸਭਨਾਂ ਨੂੰ ਵਧਾਈਆਂ ਦਿੱਤੀਆਂ। ਇੰਡੀਅਨ ਆਸਟਰੇਲੀਅਨ ਮੀਡੀਆ ਆਫ਼ ਸਾਊਥ ਆਸਟ੍ਰੇਲੀਆ ਵੱਲੋਂ ਖਿਡਾਰੀਆਂ ਦੀ ਲਾਜਵਾਬ ਖੇਡ ਦਾ ਪ੍ਰਦਰਸ਼ਨ ਕਰਨ ਤੇ ਮੇਲੇ ਵਿੱਚ ਵੱਡੀ ਗਿਣਤੀ ਚ ਦਰਸ਼ਕਾਂ ਦੇ ਪੁੱਜਣ ਪੁੱਜਣ ਲਈ ਸਭਨਾਂ ਦਾ ਧੰਨਵਾਦ ਕਰਦੇ ਹੋਏ ਵਧਾਈ ਦਿੱਤੀ। ਮੇਲਾ ਐਡੀਲੇਡ ਦਾ ਇੱਕ ਯਾਦਗਾਰ ਬਣਿਆ ਜਿਸ ਦਾ ਸਭਨਾਂ ਨੇ ਖ਼ੂਬ ਆਨੰਦ ਮਾਣਿਆ।










# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦਾ ਬਾਰਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

**ਕਮਲ ਜਿੰਦਲ।** ਸੀਬੀਐਸਈ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਬੀਐਸਈ ਭੀਖੀ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਬੜੇ ਹੀ ਮਾਣ ਦੀ ਗੱਲ ਹੈ ਕਿ ਬਾਰਵੀਂ ਜਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ । ਸ਼ੈਸ਼ਨ 2024-25ਦੇ ਅਕਾਦਮਿਕ ਵਰ੍ਹੇ ਦੌਰਾਨ (ਸਾਇੰਸ, ਕਾੱਮਰਸ, ਆਰਟਸ) ਗਰੁੱਪ ਦੇ ਕੁੱਲ 107ਬੱਚਿਆਂ ਨੇ ਬਾਰਵੀਂ ਦੀ ਪ੍ਰੀਖਿਆ ਦਿੱਤੀ ਸੀ। ਅਸੀਂ ਇਹ ਦੱਸਦੇ ਹੋਏ ਬੜਾ ਹੀ ਫ਼ਖ਼ਰ ਮਹਿਸੂਸ ਕਰ ਰਹੇ ਹਾਂ ਕਿ ਹੈ ਕਿ ਬਾਰਵੀਂ ਆਰਟਸ ਗਰੁੱਪ ਚੋਂ ਰਮਨਦੀਪ ਕੌਰ ਨੇ 95%ਅੰਕ ਪ੍ਰਾਪਤ ਕਰਕੇ



ਪਹਿਲਾ, ਭੂਮਿਕਾ ਨੇ 92%ਅੰਕ ਪ੍ਰਾਪਤ ਕਰਕੇ ਦੂਜਾ ਅਤੇ ਹੁਸਨਪ੍ਰੀਤ ਕੌਰ ਨੇ 86.8%ਅੰਕ ਪ੍ਰਾਪਤ ਕਰਕੇ ਤੀਜਾ, ਕਾੱਮਰਸ ਗਰੁੱਪ ਚੋਂ ਅਨਮੋਲਪ੍ਰੀਤ ਸਿੰਘ ਨੇ92. 6% ਪਹਿਲਾ, ਖੁਸ਼ਮਨਪ੍ਰੀਤ ਕੌਰ ਨੇ 91.4% ਦੂਜਾ, ਨਿਰਵਾਣ ਜਿੰਦਲ ਨੇ 90. 2% ਪ੍ਰਤੀਸ਼ਤ ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਵਿੱਦਿਆ ਮੰਦਰ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਇਸੇ ਤਰ੍ਹਾਂ ਹੀ ਸਾਇੰਸ ਗਰੁੱਪ ' ਚ ਸੁਪਨਪ੍ਰੀਤ ਕੌਰ ਨੇ 91. 6%ਪਹਿਲਾ, ਚੇਤੰਨਿਆ ਗੌਤਮ ਨੇ 90.6 %ਦੂਸਰਾ ਅਤੇ ਜਸ਼ਨਪ੍ਰੀਤ ਸਿੰਘ ਨੇ 89.2%ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਅਤੇ ਸਭ ਦਾ ਮਾਣ ਵਧਾਇਆ ਹੈ। ਬੱਚਿਆਂ ਦੀ ਇਸ ਸ਼ਾਨਦਾਰ ਸਫਲਤਾ ਦੇ ਮੌਕੇ ਉੱਤੇ ਸਕੂਲ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰਸੀਪਲ ਡਾ: ਗਗਨਦੀਪ ਪਰਾਸ਼ਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ।

# ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਨੇ ਅੱਗ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਅਤੇ ਮਦਦ ਦਾ ਭਰੋਸਾ ਦਿੱਤਾ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਚੱਬੇਵਾਲ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਇਸ਼ਾਂਕ ਨੇ ਪਿੰਡ ਦਾਤਾ-ਚੇਲਾ ਦਾ ਦੌਰਾ ਕੀਤਾ, ਜਿੱਥੇ ਬੀਤੀ ਰਾਤ ਭਿਆਨਕ ਅੱਗ ਲੱਗ ਗਈ ਸੀ ਜਿਸ ਕਾਰਨ ਭਾਰੀ ਨੁਕਸਾਨ ਹੋਇਆ ਹੈ। ਇਸ ਅੱਗ ਨੇ ਜ਼ਮੀਨ ਅਤੇ ਪਸ਼ੂਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਹਾਲਾਂਕਿ, ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਡਾ. ਇਸ਼ਾਂਕ ਮੌਕੇ 'ਤੇ ਪਹੁੰਚੇ ਅਤੇ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਘਟਨਾ ਵਾਲੀ ਥਾਂ ਦਾ ਮੁਆਇਨਾ ਕੀਤਾ। ਉਨ੍ਹਾਂ ਫਾਇਰ ਵਿਭਾਗ ਦੀ ਮੁਸਤੈਦੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜੇਕਰ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਸਮੇਂ ਸਿਰ ਨਾ ਪਹੁੰਚਦੀਆਂ ਤਾਂ ਨੁਕਸਾਨ ਹੋਰ ਵੀ ਭਿਆਨਕ ਹੋ ਸਕਦਾ ਸੀ। ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪਹੁੰਚ ਕੇ ਮੁਸ਼ਕਲ ਹਾਲਾਤਾਂ ਵਿੱਚ ਅੱਗ 'ਤੇ ਕਾਬੂ ਪਾਇਆ ਅਤੇ ਕਈ ਪਰਿਵਾਰਾਂ ਨੂੰ ਸੰਭਾਵੀ ਖ਼ਤਰੇ ਤੋਂ ਬਚਾਇਆ। ਅੱਗ ਲੱਗਣ



ਕਾਰਨ ਘਰ ਦਾ ਬਹੁਤ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਇਸ ਦੇ ਨਾਲ ਹੀ ਕਈ ਪਸ਼ੂ ਵੀ ਸੜ ਗਏ, ਜਿਸ ਕਾਰਨ ਵੱਡਾ ਵਿੱਤੀ ਨੁਕਸਾਨ ਹੋਇਆ ਹੈ। ਸਥਾਨਕ ਲੋਕਾਂ ਨੇ ਕਿਹਾ ਕਿ ਅੱਗ ਸ਼ਾਰਟ ਸਰਕਟ ਜਾਂ ਬਿਜਲੀ ਡਿੱਗਣ ਕਾਰਨ ਲੱਗੀ ਹੋ ਸਕਦੀ ਹੈ, ਪਰ ਇਸਦੀ ਪੁਸ਼ਟੀ ਪ੍ਰਸ਼ਾਸਨਿਕ ਜਾਂਚ ਤੋਂ ਬਾਅਦ ਹੀ ਹੋ ਸਕੇਗੀ।ਡਾ. ਇਸ਼ਾਂਕ ਨੇ ਮੌਕੇ 'ਤੇ ਮੌਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਰਾਹਤ ਅਤੇ ਪੁਨਰਵਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਪੀੜਤਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਕਿਹਾ, "ਰਾਜ ਸਰਕਾਰ ਪੀੜਤਾਂ ਦੇ ਨਾਲ ਹੈ। ਮੈਂ ਨਿੱਜੀ ਤੌਰ 'ਤੇ ਇਹ ਯਕੀਨੀ ਬਣਾਵਾਂਗਾ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਅਤੇ ਹੋਰ ਜ਼ਰੂਰੀ ਮਦਦ ਮਿਲੇ।" ਉਨ੍ਹਾਂ ਲੋਕਾਂ ਨੂੰ ਸੰਜਮ ਬਣਾਈ ਰੱਖਣ ਅਤੇ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਤੋਂ ਬਚਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਇਲਾਕੇ ਵਿੱਚ ਸੁਰੱਖਿਆ ਉਪਾਅ ਹੋਰ ਮਜ਼ਬੂਤ ਕੀਤੇ ਜਾਣਗੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ। ਇਹ ਦੌਰਾ ਪਿੰਡ ਵਾਸੀਆਂ ਲਈ ਉਮੀਦ ਦੀ ਕਿਰਨ ਸਾਬਤ ਹੋਇਆ ਅਤੇ ਲੋਕਾਂ ਨੇ ਵਿਧਾਇਕ ਡਾ. ਇਸ਼ਾਂਕ ਦਾ ਧੰਨਵਾਦ ਕੀਤਾ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵਿਖੇ ਬੱਚਿਆਂ ਦੇ ਪੋਸਟਰ ਮੇਕਿੰਗ ਅਤੇ ਲੇਖਣ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜੋਵਾਲ ਵਿੱਚ ਬੱਚਿਆਂ ਲਈ ਪੋਸਟਰ ਮੇਕਿੰਗ ਅਤੇ ਲਿਖਣ ਮੁਕਾਬਲੇ ਕਰਵਾਏ ਗਏ। ਇਸ ਮੌਕੇ 'ਤੇ, ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਦੇ ਨੋਡਲ ਅਫ਼ਸਰ ਮੈਡਮ ਮਨਜੀਤ ਕੌਰ ਨੇ ਕਿਹਾ ਕਿ ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਸਿੱਧੇ ਅਤੇ ਅਸਲ ਵਿੱਚ ਮਾਨਕੀਕਰਨ, ਪ੍ਰਮਾਣੀਕਰਣ ਅਤੇ ਟੈਸਟਿੰਗ ਰਾਹੀਂ ਰਾਸ਼ਟਰੀ ਅਰਥਵਿਵਸਥਾ ਨੂੰ ਕਈ ਤਰੀਕਿਆਂ ਨਾਲ ਲਾਭ ਪਹੁੰਚਾ ਰਿਹਾ ਹੈ। ਇਹ ਸੁਰੱਖਿਅਤ, ਭਰੋਸੇਮੰਦ ਗੁਣਵੱਤਾ ਵਾਲੇ ਉਤਪ-ਾਦ ਪ੍ਰਦਾਨ ਕਰਦਾ ਹੈ। ਖਪਤਕਾਰਾਂ ਲਈ ਸਿਹਤ ਜੋਖਮਾਂ ਨੂੰ ਘੱਟ ਕਰਦਾ ਹੈ। ਨਿਰਯਾਤ ਅਤੇ ਆਯਾਤ ਵਿਕਲਪਾਂ ਨੂੰ ਉਤਸ਼ਾਹਿਤ ਕਰਦਾ ਹੈ। ਇਸ ਦੇ ਤਹਿਤ, ਬੱਚਿਆਂ ਨੂੰ ਪਤਾ ਲੱਗਦਾ ਹੈ ਕਿ ਸਿਰਫ਼ ਗੁਣਵੱਤਾ ਵਾਲੇ ਉਤਪਾਦ ਹੀ ਬਾਜ਼ਾਰ ਵਿੱਚ ਟਿਕ ਸਕਦੇ ਹਨ। ਜਿਨ੍ਹਾਂ ਚੀਜ਼ਾਂ




ਦੀ ਗੁਣਵੱਤਾ ਚੰਗੀ ਨਹੀਂ ਹੁੰਦੀ, ਉਹ ਕੁਝ ਸਮੇਂ ਲਈ ਬਾਜ਼ਾਰ ਵਿੱਚ ਆਪਣੀ ਜਗ੍ਹਾ ਬਣਾ ਲੈਂਦੀਆਂ ਹਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਬਾਜ਼ਾਰ ਤੋਂ ਹਟਾਉਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਬੱਚੇ ਕੱਚੇ ਮਾਲ ਤੋਂ ਸਾਮਾਨ ਤਿਆਰ ਕਰਦੇ ਹਨ ਅਤੇ ਉਨ੍ਹਾਂ ਨੂੰ ਬਾਜ਼ਾਰ ਵਿੱਚ ਪੇਸ਼ ਕਰਦੇ ਹਨ। ਜਿਸਦੇ ਤਹਿਤ ਉਹ ਇਸ ਗੱਲ ਦਾ ਧਿਆਨ ਰੱਖਦਾ ਹੈ ਕਿ ਉਸ ਦੁਆਰਾ ਬਣਾਏ ਗਏ ਸਮਾਨ ਦੀ ਗੁਣਵੱਤਾ ਬਾਜ਼ਾਰ ਵਿੱਚ ਸਥਿਰ ਰਹੇ। ਆਪਣੇ ਉਤਪਾਦਾਂ ਦਾ ਨਿਰਮਾਣ ਕਰਨ ਤੋਂ ਬਾਅਦ, ਉਹ ਉਨ੍ਹਾਂ ਨੂੰ ਭਾਰਤੀ ਮਿਆਰ ਬਿਊਰੋ ਨੂੰ ਭੇਜਦੇ ਹਨ। ਉੱਥੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਹੀ, ਉਨ੍ਹਾਂ ਦੇ ਉਤਪਾਦਾਂ 'ਤੇ ਮੋਹਰ ਲਗਾਈ ਜਾਂਦੀ ਹੈ ਅਤੇ ਉਹ ਉਨ੍ਹਾਂ ਨੂੰ ਬਾਜ਼ਾਰ ਵਿੱਚ ਲਾਂਚ ਕਰਦੇ ਹਨ। ਉਨ੍ਹਾਂ ਕਿਹਾ ਕਿ ਪੋਸਟਰ ਮੇਕਿੰਗ ਅਤੇ ਲਿਖਣ ਮੁਕਾਬਲੇ ਦੌਰਾਨ ਜੇਤੂਆਂ ਨੂੰ ਨਕਦ ਇਨਾਮ ਵੀ ਦਿੱਤੇ ਗਏ। ਜਿਸ ਤਹਿਤ ਭੂਮਿਕਾ ਅਤੇ ਕਾਜਲ ਨੇ ਪਹਿਲਾ ਸਥਾਨ, ਜੈਸਮੀਨ ਅਤੇ ਭਾਵਨਾ ਨੇ ਦੂਜਾ ਸਥਾਨ ਅਤੇ ਜੈਲ ਜੋਬੀ ਅਤੇ ਮਨਜੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜਦੋਂ ਕਿ ਮੁਸਕਾਨ ਅਤੇ ਕਸ਼ਿਸ਼ ਨੂੰ ਦਿਲਾਸਾ ਇਨਾਮ ਮਿਲੇ। ਪ੍ਰਿੰਸੀਪਲ ਅਸ਼ੋਕ ਕੁਮਾਰ ਅਤੇ ਮੈਡਮ ਮਨਜੀਤ ਕੌਰ ਨੇ ਜੇਤੂਆਂ ਨੂੰ ਨਕਦ ਇਨਾਮ ਵੰਡੇ। ਇਸ ਮੌਕੇ ਲੈਕਚਰਾਰ ਸੰਦੀਪ ਸੂਦ ਵੀ ਮੌਜੂਦ ਸਨ।

# ਸਿਵਲ ਡਿਫੈਂਸ ਤਹਿਤ ਜ਼ਿਲ੍ਹੇ ‘ਚ ਵੱਡੇ ਪੱਧਰ ‘ਤੇ ਚਲਾਈ ਜਾਵੇਗੀ ਜਾਗਰੂਕਤਾ ਮੁਹਿੰਮ - ਆਸ਼ਿਕਾ ਜੈਨ

## ਕਿਹਾ, ਬੇਬੁਨਿਆਦ ਅਤੇ ਤੱਥਹੀਨ ਖ਼ਬਰਾਂ ‘ਤੇ ਯਕੀਨ ਨਾ ਕਰਨ ਜ਼ਿਲ੍ਹਾ ਵਾਸੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਜ਼ਿਲ੍ਹੇ ਵਿਚ ਸਿਵਲ ਡਿਫੈਂਸ ਸਬੰਧੀ ਵੱਡੇ ਪੱਧਰ ‘ਤੇ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਅਤੇ ਕਸਬੇ ਤੱਕ ਪਹੁੰਚ ਕੀਤੀ ਜਾਵੇਗੀ। ਇਸ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਉਨ੍ਹਾਂ ਹਦਾਇਤ ਕੀਤੀ ਕਿ ਇਸ ਬਾਰੇ ਮਹੀਨਾਵਾਰ ਪਲਾਨ ਤਿਆਰ ਕਰਕੇ ਵਲੰਟੀਅਰਾਂ ਦੀਆਂ ਡਿਊਟੀਆਂ ਲਗਾਈਆਂ ਜਾਣ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦੌਰਾਨ ਵੀ ਵਲੰਟੀਅਰਾਂ ਰਾਹੀਂ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿੰਡਾਂ ਅਤੇ ਕਸਬਿਆਂ ਵਿਚ ਪਬਲਿਕ ਮੀਟਿੰਗਾਂ ਕਰਕੇ ਇਸ ਸਬੰਧੀ ਜਾਗਰੂਕ ਫੈਲਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਪ੍ਰਚਾਰ ਸਮੱਗਰੀ ਰਾਹੀਂ ਉਨ੍ਹਾਂ ਨੂੰ ਆਸਮਾਨ ‘ਤੇ ਦਿਖਾਈ ਦਿੰਦੀ ਕਿਸੇ ਵਸਤੂ ਦੀ ਪਹਿਚਾਣ ਕਰਨੀ ਸਿਖਾਈ ਜਾਵੇ ਕਿ ਉਹ ਵਸਤੂ ਸੈਟੇਲਾਈਟ, ਜਹਾਜ, ਡਰੋਨ ਜਾਂ ਕੋਈ ਹੋਰ ਚੀਜ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਧਿਕਾਰੀਆਂ ਨੂੰ ਅਫ਼ਵਾਹਾਂ ਨੂੰ ਠੱਲ੍ਹ ਪਾਉਣ ਲਈ ਵਧੇਰੇ ਚੌਕਸੀ ਅਤੇ ਸਖ਼ਤੀ ਵਰਤਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਕੁਝ ਅਜਿਹੇ ਮਾਮਲੇ ਧਿਆਨ ਵਿਚ ਆ ਰਹੇ ਹਨ ਕਿ ਕੁਝ ਸ਼ਰਾਰਤੀ ਕਿਸਮ ਦੇ ਅਨਸਰ ਜਾਣ-ਬੁੱਝ ਕੇ ਨਾਗਰਿਕਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਾਲੀਆਂ ਫੇਕ ਨਿਊਜ਼ ਅਤੇ ਤੱਥਹੀਣ ਸਮੱਗਰੀ ਨੂੰ ਸੋਸ਼ਲ ਮੀਡੀਆ ‘ਤੇ ਅਪਲੋਡ ਕਰ ਰਹੇ



ਹਨ, ਜਿਸ ਨੂੰ ਸਖ਼ਤੀ ਨਾਲ ਰੋਕੇ ਜਾਣ ਦੀ ਤੁਰੰਤ ਲੋੜ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜਾਂ ਹੋਰ ਸਾਧਨਾਂ ਰਾਹੀਂ ਫੈਲਾਈਆਂ ਜਾ ਰਹੀਆਂ ਬੇਬੁਨਿਆਦ ਅਤੇ ਤੱਥਹੀਣ ਖ਼ਬਰਾਂ ‘ਤੇ ਬਿਲਕੁਲ ਵੀ ਯਕੀਨ ਨਾ ਕਰਨ ਅਤੇ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਜਾਂ ਪੁਲਿਸ ਵਲੋਂ ਲੋਕ ਹਿੱਤ ਵਿਚ ਕੋਈ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਹੀ ਸਹੀ ਮੰਨਿਆ ਜਾਵੇ। ਉਨ੍ਹਾਂ ਕਿਹਾ ਕਿ ਵਟਸਐਪ ‘ਤੇ ਆਉਣ ਵਾਲੀਆਂ ਗੈਰ-ਪ੍ਰਮਾਣਿਤ ਖ਼ਬਰਾਂ ਨੂੰ ਵੀ ਅੱਗੇ ਕਿਸੇ ਨਾਲ ਸਾਂਝਾ ਨਾ ਕੀਤਾ ਜਾਵੇ, ਕਿਉਂਕਿ ਅਫ਼ਵਾਹਾਂ ਫੈਲਾਉਣ ਵਾਲਿਆਂ ‘ਤੇ ਪੁਲਿਸ ਦੇ ਸਾਈਬਰ ਸੈੱਲ ਵਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਪੁਲਿਸ ਕੇਸ ਦਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ‘ਤੇ ਸਰਕਾਰ ਵਲੋਂ ਜਾਰੀ ਹੋਣ ਵਾਲੇ ਦਿਸ਼ਾ-ਨਿਰਦੇਸ਼ਾਂ ਅਤੇ ਐਡਵਾਇਜ਼ਰੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੀਆਂ ਸਾਰੀਆਂ ਤਹਿਸੀਲਾਂ ਵਿਚ ਮੌਕ ਡਰਿੱਲ ਤੇ ਬਲੈਕ ਆਊਟ ਦੇ ਜ਼ਰੀਏ ਆਪਣੇ ਨਾਗਰਿਕਾਂ ਨੂੰ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਜਿੱਥੇ ਜਾਗਰੂਕ ਕੀਤਾ ਜਾ ਰਿਹਾ ਹੈ ਉੱਥੇ ਸਿਵਲ ਡਿਫੈਂਸ ਵਲੰਟੀਅਰ ਫੌਜ ਵੀ ਤਿਆਰ ਕੀਤੀ ਗਈ ਹੈ, ਜਿਸ ਵਿਚ ਐੱਨ.ਜੀ.ਓਜ਼, ਐੱਨ.ਸੀ.ਸੀ ਕੈਡਿਟਸ, ਐੱਨ.ਐੱਸ.ਐੱਸ ਵਲੰਟੀਅਰ, ਸਾਬਕਾ ਸੈਨਿਕ, ਪਿੰਡਾਂ ਦੇ ਸਰਪੰਚ, ਪੰਚ ਅਤੇ ਆਮ ਨਾਗਰਿਕ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਨੂੰ ਟ੍ਰੇਨਿੰਗ ਦਿੱਤੀ ਗਈ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਆਰ.ਟੀ.ਏ ਸੰਜੀਵ ਕੁਮਾਰ, ਜੀ.ਐਮ. ਇੰਡਸਟਰੀ ਅਰੁਣ ਕੁਮਾਰ, ਜ਼ਿਲ੍ਹਾ ਕਮਾਂਡਰ-ਕਮ-ਡਿਪਟੀ ਕੰਟਰੋਲਰ ਸਿਵਲ ਡਿਫੈਂਸ ਰਵੇਲ ਸਿੰਘ, ਮਨਿੰਦਰ ਸਿੰਘ, ਦਵਿੰਦਰ ਸਿੰਘ, ਸੁਨੀਲ ਕਪੂਰ, ਪ੍ਰਮੋਦ ਸ਼ਰਮਾ ਅਤੇ ਹੋਰ ਹਾਜ਼ਰ ਸਨ।

# ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦਾ 10+2 ਦਾ ਸ਼ਾਨਦਾਰ 100% ਫੀਸਦੀ ਨਤੀਜਾ

## ਨਿੰਦਰਜੀਤ ਕੌਰ ਨੇ 94.6% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ

**ਬੰਗਾ (ਚਰਨਜੀਤ ਸੱਲ੍ਹਾਂ)** ਸੀ.ਬੀ.ਐਸ.ਈ. ਬੋਰਡ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ-ਕਲੇਰਾਂ ਦੀ ਸ਼ੈਸ਼ਨ 2024-25 ਦੀ ਕਲਾਸ 10+2 ਦੇ ਆਰਟਸ, ਕਾਮਰਸ, ਨਾਨ ਮੈਡੀਕਲ ਅਤੇ ਮੈਡੀਕਲ ਗਰੁੱਪਾਂ ਦਾ ਨਤੀਜਾ 100% ਫੀਸਦੀ ਰਿਹਾ ਹੈ । ਸਕੂਲ ਵਿਚ ਕਾਮਰਸ ਗੁਰੱਪ ਦੀ ਵਿਦਿਆਰਥੀ ਨਿੰਦਰਜੀਤ ਕੌਰ ਪੁੱਤਰੀ ਲਖਵੀਰ ਸਿੰਘ-ਜਸਵਿੰਦਰ ਕੌਰ ਨੇ 94.6% ਅੰਕ ਪ੍ਰਾਪਤ ਕਰਕੇ ਆਲ ਉਵਰ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ । ਇਹ ਜਾਣਕਾਰੀ ਸਕੂਲ ਦੇ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ ਅਤੇ ਪ੍ਰਿੰਸੀਪਲ ਮੈਡਮ ਵਨੀਤਾ ਚੋਟ ਨੇ ਸਕੂਲ ਦੇ ਸ਼ਾਨਦਾਰ ਨਤੀਜੇ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ 10+2 ਕਲਾਸ ਦੇ ਮੈਡੀਕਲ ਗੁਰੱਪ ਵਿਚੋਂ ਪ੍ਰਤੀਕ ਚੌਹਾਨ ਪੁੱਤਰ ਜੋਗਿੰਦਰ ਰਾਮ-ਮਨਜੀਤ ਕੌਰ ਪਿੰਡ ਖਾਨ ਖਾਨਾ ਨੇ 88.8% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਸੁਖਮਨੀ ਕੌਰ ਪੁੱਤਰੀ ਸੁਖਵਿੰਦਰ ਸਿੰਘ-ਇੰਦਰਜੀਤ ਕੌਰ ਪਿੰਡ ਮੰਢਾਲੀ ਨੇ 87.2% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ । ਜਦ ਕਿ ਨਿਕਤਾ ਬਸਰਾ ਪੁੱਤਰੀ ਜੀਤ ਰਾਮ-ਸਰਬਜੀਤ ਕੌਰ ਪਿੰਡ ਕੰਗਰੋੜ ਨੇ 87 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਨਾਨ-ਮੈਡੀਕਲ ਗੁਰੱਪ ਵਿਚ ਜੁਝਾਰ ਸਿੰਘ ਪੁੱਤਰ ਸਤਵਿੰਦਰ ਸਿੰਘ-ਇੰਦਰਜੀਤ ਕੌਰ ਪਿੰਡ ਸਰਹਾਲ ਮੁੰਡੀ ਨੇ 88% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਨਰੀਤ ਕੌਰ ਪੁੱਤਰੀ ਨੱਛਤਰ ਸਿੰਘ-ਬਲਜਿੰਦਰ ਕੌਰ ਬਾਹੜੋਵਾਲ ਨੇ 86.6% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਗੁਰਸਿਮਰਨ ਕੌਰ ਪੁੱਤਰੀ ਕਰਮਜੀਤ ਸਿੰਘ-ਹਰਪ੍ਰੀਤ ਕੌਰ ਪਿੰਡ ਹੀਂਉ ਨੇ 80.6% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਜਦੋਂ ਕਿ 10+2 ਕਾਮਰਸ ਗਰੁੱਪ ਵਿਚ ਨਿੰਦਰਜੀਤ ਕੌਰ ਪੁੱਤਰੀ ਲਖਵੀਰ ਸਿੰਘ-ਜਸਵਿੰਦਰ ਕੌਰ ਪਿੰਡ ਬਾਹੜੋਵਾਲ ਨੇ 94.6% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਪ੍ਰਾਚੀ ਪੁੱਤਰੀ ਸੰਜੀਵ ਕੁਮਾਰ-ਸਾਰਿਕਾ ਪਿੰਡ ਫਰਾਲਾ ਨੇ 93% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਤੀਜਾ ਸਥਾਨ ਸੁਖਮਨ ਸਿੰਘ ਪੁੱਤਰ ਇਕਬਾਲ ਸਿੰਘ-ਸੁਖਜਿੰਦਰ ਕੌਰ ਪਿੰਡ ਝੰਡੇਰ ਕਲਾਂ ਨੇ 92.2 %ਅੰਕ ਪ੍ਰਾਪਤ ਕਰਕੇ ਕੀਤਾ। ਆਰਟਸ ਗੁਰੱਪ ਵਿਚ ਪ੍ਰਭਜੋਤ ਸਿੰਘ ਪੁੱਤਰ ਪ੍ਰਦੀਪ ਸਿੰਘ-ਸੁਰਿੰਦਰਜੀਤ ਕੌਰ ਪਿੰਡ ਚਾਹੜਾ ਨੇ 93% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਦੂਜਾ ਸਥਾਨ ਚੰਦਨ ਭਰਦਵਾਜ ਪੁੱਤਰ ਸੰਜੀਵ ਕੁਮਾਰ-ਤਮੰਨਾ ਰਾਣੀ ਪਿੰਡ ਕਲੇਰਾਂ ਨੇ 78.6% ਅੰਕਾਂ ਨਾਲ ਅਤੇ ਤੀਜਾ ਸਥਾਨ ਰਾਧਿਕਾ ਪੁੱਤਰੀ ਸੁਰਿੰਦਰ ਕੁਮਾਰ-ਮਮਤਾ ਰਾਣੀ ਪਿੰਡ ਕਲੇਰਾਂ ਨੇ 78.4 %ਅੰਕ ਪ੍ਰਾਪਤ ਕਰਕੇ ਕੀਤਾ। ਉਹਨਾਂ ਦੱਸਿਆ ਕਿ ਸ਼ੈਸ਼ਨ 2024-25 ਵਿਚ 10+2 ਕਲਾਸ ਵਿਚ 123 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ । ਇਹਨਾਂ ਵਿਚੋਂ ਪੰਜਾਬੀ ਵਿਸ਼ੇ ਵਿਚੋਂ 54 ਵਿਦਿਆਰਥੀਆਂ ਨੇ, ਅੰਗਰੇਜ਼ੀ ਵਿਚ 31 ਵਿਦਿਆਰਥੀਆਂ ਨੇ, ਬਿਜ਼ਨਿਸ ਸਟੱਡੀ ਵਿਚੋਂ 5 ਵਿਦਿਆਰਥੀਆਂ ਨੇ, ਰਾਜਨੀਤੀ ਸ਼ਾਸ਼ਤਰ ਵਿਚੋਂ 1 ਵਿਦਿਆਰਥੀ ਨੇ, ਆਈ ਪੀ ਵਿਸ਼ੇ ਵਿਚ 5 ਵਿਦਿਆਰਥੀਆਂ ਨੇ, ਅਕਾਊਟੈਂਸੀ ਵਿਚੋਂ 4 ਵਿਦਿਆਰਥੀਆਂ ਨੇ, ਸਰੀਰਿਕ ਸਿੱਖਿਆ ਵਿਚੋਂ 02 ਵਿਦਿਆਰਥੀਆਂ ਨੇ, ਬਾਇਉਲੋਜੀ ਵਿਚੋਂ ਇੱਕ ਵਿਦਿਆਰਥੀ ਨੇ ਅਤੇ ਰਸਾਇਣ ਸਾਸ਼ਤਰ ਵਿਚੋਂ ਇੱਕ ਵਿਦਿਆਰਥੀ ਨੇ 90% ਤੋਂ ਜ਼ਿਆਦਾ ਅੰਕ ਪ੍ਰਾਪਤ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ । ਇਸ ਮੌਕੇ ਸਕੂਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਬਰਾਂ ਵੱਲੋਂ 10+2 ਕਲਾਸ ਦੇ ਸਮੂਹ ਵਿਦਿਆਰਥੀਆਂ ਨੂੰ, ਕਲਾਸ ਇੰਚਾਰਜਾਂ, ਅਧਿਆਪਕਾਂ, ਸਕੂਲ ਪ੍ਰਿੰਸੀਪਲ ਅਤੇ ਡਾਰਿਕਟਰ ਸਿੱਖਿਆਂ ਨੂੰ ਸ਼ਾਨਦਾਰ ਨਤੀਜੇ ਲਈ ਹਾਰਦਿਕ ਵਧਾਈਆਂ ਦਿੱਤੀਆਂ ।



# ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੇ ਪਹਿਲਵਾਨਾਂ ਨੇ ਸੂਬਾ ਪੱਧਰੀ ਕੁਸ਼ਤੀ ਚੈਪੀਅਨਸ਼ਿੱਪ ਵਿਚੋਂ 03 ਕਾਂਸੀ ਦੇ ਮੈਡਲ ਜਿੱਤੇ

**ਬੰਗਾ (ਚਰਨਜੀਤ ਸੱਲ੍ਹਾ)** ਬੀਤੇ ਦਿਨੀਂ ਮਲੇਰਕੋਟਲਾ ਵਿਖੇ ਹੋਈ ਫਰੀ ਸਟਾਈਲ ਕੁਸ਼ਤੀ ਚੈਪੀਅਨਸ਼ਿੱਪ (ਅੰਡਰ 17 ਲੜਕੇ) ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕੁਸ਼ਤੀ ਅਖਾੜੇ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੇ ਪਹਿਲਵਾਨਾਂ ਵੱਲੋਂ ਤਿੰਨ ਕਾਂਸੀ ਦੇ ਮੈਡਲ ਜਿੱਤਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲਵਾਨ ਜਸਕਰਨਦੀਪ ਪੁੱਤਰ ਸ੍ਰੀ ਲਵਲੀ ਪਿੰਡ ਬਹਿਰਾਮ ਨੇ 45 ਕਿਲੋ ਭਾਰ ਵਰਗ ਵਿਚੋਂ, ਪਹਿਲਵਾਨ ਯੁਵਰਾਜ ਪੁੱਤਰ ਦੇਸ ਰਾਜ ਪੱਲੀ ਝਿੱਕੀ ਨੇ 48 ਕਿਲੋਗ੍ਰਾਮ ਭਾਰ ਵਰਗ ਵਿਚੋਂ ਅਤੇ ਦਿਲਸ਼ਾਨ ਸਿੰਘ ਪੁੱਤਰ ਮਾਸਟਰ ਗੁਰਨਾਮ ਰਾਮ ਭਰੋ ਮਜਾਰਾ ਨੇ 60 ਕਿਲੋ ਭਾਰ ਵਰਗ ਵਿਚੋਂ ਕਾਂਸੀ ਦੇ ਮੈਡਲ ਜਿੱਤ ਕੇ ਸੂਬਾ ਪੱਧਰੀ ਕੁਸ਼ਤੀ ਮੁਕਾਬਲਿਆਂ ਵਿਚ ਸ਼ਾਨਦਾਰ ਕੁਸ਼ਤੀ ਦਾ ਪ੍ਰਦਰਸ਼ਨ ਕਰਕੇ ਆਪਣਾ, ਆਪਣੇ ਮਾਪਿਆਂ ਦਾ, ਆਪਣੇ ਅਖਾੜੇ ਦਾ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦਾ ਨਾਮ ਰੋਸ਼ਨ ਕੀਤਾ ਹੈ । ਇਸ ਮੌਕੇ ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ ਨੇ ਆਪਣੇ ਕਰ ਕਮਲਾਂ ਨਾਲ ਜੇਤੂ ਪਹਿਲਵਾਨਾਂ ਦਾ ਸਨਮਾਨ ਕੀਤਾ ਅਤੇ ਸ਼ਾਨਦਾਰ ਪ੍ਰਾਪਤੀ ਲਈ ਵਧਾਈਆਂ ਵੀ ਦਿੱਤੀਆਂ । ਤਿੰਨੋ ਨੌਜਵਾਨ ਪਹਿਲਵਾਨਾਂ ਦੇ ਸਨਮਾਨ ਸਮਾਰੋਹ ਮੌਕੇ ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ, ਸਰਬਜੀਤ ਸਿੰਘ ਸੱਬਾ ਸਾਬਕਾ ਸਰਪੰਚ ਬਾਹੜੋਵਾਲ, ਬਲਬੀਰ ਸੋਂਧੀ ਕੋਚ ਮਾਸਟਰ ਗੁਰਨਾਮ ਰਾਮ, ਮਾਸਟਰ ਸੁਖਵਿੰਦਰ ਸਿੰਘ , ਬਲਜੀਤ ਸਿੰਘ ਕੰਗ, ਕੁਲਵੰਤ ਰਾਮ ਗਹਿਲ ਮਜਾਰੀ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ ।



**ਸਕੂਲ ਪੱਧਰੀ ਕੁਸ਼ਤੀ ਮੁਕਾਬਲਿਆਂ ਵਿਜੇਤਾ ਨੌਜਵਾਨ ਪਹਿਲਵਾਨਾਂ ਨਾਲ ਯਾਦਗਾਰੀ ਤਸਵੀਰ ਵਿਚ ਚੇਅਰਮੈਨ ਸ. ਮਲਕੀਅਤ ਸਿੰਘ ਬਾਹੜੋਵਾਲ ਤੇ ਪਤਵੰਤੇ ਸੱਜਣ।**

# ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦਾ 10ਵੀ ਜਮਾਤ ਦਾ ਨਤੀਜਾ ਸ਼ਾਨਦਾਰ 100%

**ਬੰਗਾ (ਚਰਨਜੀਤ ਸੱਲ੍ਹਾਂ)** ਪੇਂਡੂ ਇਲਾਕੇ ਵਿਚ ਸੀ.ਬੀ.ਐਸ.ਈ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੀ ਦਸਵੀ ਕਲਾਸ ਦਾ ਨਤੀਜਾ 100% ਸ਼ਾਨਦਾਰ ਆਇਆ ਹੈ । ਇਹ ਜਾਣਕਾਰੀ ਸਿੱਖਿਆ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ ਅਤੇ ਪ੍ਰਿੰਸੀਪਲ ਸ੍ਰੀਮਤੀ ਵਨੀਤਾ ਚੋਟ ਨੇ ਅੱਜ ਮੀਡੀਆ ਨੂੰ ਪ੍ਰਦਾਨ ਕੀਤੀ। ਦਸਵੀਂ ਜਮਾਤ ਦੇ ਸ਼ਾਨਦਾਰ ਰਿਜ਼ਲਟ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਨੇ ਦੱਸਿਆ ਕਿ ਦਸਵੀਂ ਕਲਾਸ ਵਿਚੋ ਆਕਾਸ਼ਦੀਪ ਸਿੰਘ ਪੁੱਤਰ ਮਨਜੀਤ ਸਿੰਘ-ਸ੍ਰੀਮਤੀ ਰੋਮੀ ਨੇ 93.6 % ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ । ਜਦ ਕਿ ਲੀਜ਼ਾ ਕੈਂਥ ਪੁੱਤਰੀ ਕਮਲ ਕੁਮਾਰ- ਸ੍ਰੀਮਤੀ ਸਰਬਜੀਤ ਕੌਰ ਨੇ 93% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਸਲੋਨੀ ਰੱਤੂ ਪੁੱਤਰੀ ਅਸ਼ੋਕ ਕੁਮਾਰ-ਸ੍ਰੀਮਤੀ ਕੁਲਵਿੰਦਰ ਕੌਰ ਨੇ 92.3% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਉਹਨਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਵਿਚ ਕਲਾਸ ਦੇ 122 ਵਿਦਿਆਰਥੀਆਂ ਨੇ ਫਸਟ ਡਵੀਜ਼ਨ ਵਿਚ ਦੱਸਵੀਂ ਕਲਾਸ ਪਾਸ ਕਰਕੇ ਸਕੂਲ ਦਾ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ । ਇਸ ਮੌਕੇ ਸਕੂਲ ਪ੍ਰਬੰਧਕ ਗੁਰੂ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟੀਆਂ ਵੱਲੋਂ ਦਸਵੀਂ ਕਲਾਸ ਦੇ ਸ਼ਾਨਦਾਰ ਰਿਜ਼ਲਟ ਲਈ ਸਕੂਲ ਪ੍ਰਿੰਸੀਪਲ, ਸਮੂਹ ਵਿਦਿਆਰਥੀਆਂ ਅਤੇ ਸਮੂਹ ਅਧਿਆਪਕਾਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਹਨ। ਸ਼ਾਨਦਾਰ ਨਤੀਜੇ ਦੀ ਜਾਣਕਾਰੀ ਦੇਣ ਮੌਕੇ ਸਮੂਹ ਸਕੂਲ ਅਧਿਆਪਕ ਹਾਜ਼ਰ ਸਨ । ਵਰਨਣਯੋਗ ਹੈ ਕਿ ਦਸਵੀ ਜਮਾਤ ਵਿਚ ਪੰਜਾਬੀ ਵਿਸ਼ੇ ਵਿਚ 44 ਵਿਦਿਆਰਥੀਆਂ ਨੇ, ਸਮਾਜਿਕ ਸਿੱਖਿਆ 7 ਵਿਦਿਆਰਥੀਆਂ ਨੇ, ਹਿੰਦੀ ਵਿਚੋਂ 14 ਵਿਦਿਆਰਥੀਆਂ ਨੇ, ਅੰਗਰੇਜ਼ੀ ਵਿਚੋਂ 4 ਵਿਦਿਆਰਥੀਆਂ ਨੇ, ਗਣਿਤ ਵਿਚ 1 ਵਿਦਿਆਰਥੀਆਂ ਨੇ ਅਤੇ ਵਿਗਿਆਨ ਵਿਚ 1 ਵਿਦਿਆਰਥੀ ਨੇ 90% ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ।



**ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਸੀ.ਬੀ.ਐਸ.ਈ ਬੋਰਡ ਦੀ ਦਸਵੀਂ ਕਲਾਸ ਵਿਚ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਟੌਪਰ ਵਿਦਿਆਰਥੀ।**

## ਲੋਕਾਂ ਦੇ ਆਪਣੇ ਰਾਜ ਵਿੱਚ

ਇੱਕਨਾਂ ਦੇ ਬੱਚਿਆਂ ਦੇ ਹਿੱਸੇ ,
ਰੁੱਖੀਆਂ ਰੋਟੀਆਂ ਆਈਆਂ ।
ਇੱਕਨਾਂ ਦੇ ਕੁੱਤਿਆਂ ਦੇ ਅੱਗੇ ,
ਰੁਲ਼ਦੀਆਂ ਨੇ ਮਠਿਆਈਆਂ ।
ਹਾਕਮ ਕਹਿੰਦੇ ਲੋਕਰਾਜ ਵਿੱਚ ,
ਸਭਨਾਂ ਦੇ ਹੱਕ ਬਰਾਬਰ ਹਨ ;
ਪਰ ਤਕੜੇ ਨੇ ਮਾੜੂਆਂ ਦੀਆਂ ,
ਸੱਧਰਾਂ ਨੇ ਮਾਰ ਮੁਕਾਈਆਂ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## .ਗ਼ਜ਼ਲ



ਰੁਕਿਆ ਨਾ ਜੇ ਅੰਦਰਲਾ ਘਮਸਾਨ ਅਜੇ।
ਤਾਂ ਹੀ ਝੁਕ-ਝੁਕ ਲੰਘਦੇ ਨੇ ਤੂਫ਼ਾਨ ਅਜੇ।
ਡੰਗ ਰਿਹੈ ਅਰਮਾਨਾਂ ਨੂੰ ਧਨਵਾਨ ਅਜੇ।
ਵੈਰੀ ਬਣਿਐ ਧਰਤੀ ਦਾ ਅਸਮਾਨ ਅਜੇ।
ਆਸ ਕਦੇ ਵੀ ਛੱਡੀਏ ਨਾ ਗੁਲਜ਼ਾਰਾਂ ਦੀ,
ਬੇਸ਼ੱਕ ਮਾਲੀ ਦਿਸਦੈ ਬੇਈਮਾਨ ਅਜੇ।
ਖ਼ੂਬ ਘਰਾਂ ਵਿੱਚ ਪੂਜ ਰਹੇ ਹਾਂ ਕੰਜਕਾਂ ਨੂੰ,
ਨਾਲੇ ਜਾਰੀ ਔਰਤ ਦਾ ਅਪਮਾਨ ਅਜੇ।
ਇਨਕਲਾਬ ਨੇ ਐਵੇਂ ਕੀਤੀ ਦੇਰ ਨਹੀਂ,
ਮੋਹ ਲੈਂਦੇ ਨੇ ਕਲਮਾਂ ਨੂੰ ਸਨਮਾਨ ਅਜੇ।
ਉੱਚੇ-ਲੰਮੇ ਪੁਲ ਤੇ ਚੌੜੀਆਂ ਸੜਕਾਂ ਨੇ,
ਪਰ ਭੁੱਖੇ ਨੇ ਕਿਰਤੀ ਤੇ ਕਿਰਸਾਨ ਅਜੇ।
'ਜ਼ਖ਼ਮੀ' ਜਿੱਦਣ ਆਪ ਲਿਖਾਂਗੇ, ਦੇਖਾਂਗੇ,
ਕਿਸਮਤ ਸਾਡੀ ਲਿਖਦਾ ਹੈ ਭਗਵਾਨ ਅਜੇ।

**ਕਰਮ ਸਿੰਘ ਜ਼ਖ਼ਮੀ**
**ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)**
**ਸੰਪਰਕ: 98146-28027**

## ਸਰਹਿੰਦ ਫਤਿਹ

ਚੱਪੜਚਿੜੀ ਦਾ ਮੈਦਾਨ, ਵਜ਼ੀਰ ਖਾਨ ਹੋਇਆ ਢੇਰ।
ਜੜੋਂ ਹਿੱਲਿਆ ਮੁਗਲ ਰਾਜ, ਗਰਜਿਆ ਬੱਬਰ ਸ਼ੇਰ।
ਬੱਬਰ ਸ਼ੇਰ ਨੂੰ ਸੀ ਦਸ਼ਮੇਸ਼ ਪਿਤਾ ਦਾ ਥਾਪੜਾ।
ਬੰਦਾ ਸਿੰਘ ਬਹਾਦਰ ਨੇ ਮੁਗਲਾਂ ਦੀਆਂ ਵਧੀਕੀਆਂ ਦਾ ਕਰਨਾ ਸੀ ਟਾਕਰਾ ।
ਜਿਗਰਾ ਸੀ ਵਿਸ਼ਾਲ, ਹਿੰਮਤ ਸੀ ਬੇਮਿਸਾਲ।
ਸੂਰਜ ਦਾ ਸੀ ਜਲੌਅ, ਤੇਗ ਦਾ ਸੀ ਵਹਾਅ ਸ਼ਾਨਦਾਰ।
ਦੁਸ਼ਮਣ ਦਲਾਂ ਨੂੰ ਭਾਜੜਾਂ ਪੈਣ ਉੱਧਰ।
ਸੂਰਮਗਤੀ ਦੇ ਜੌਹਰ ਦਿਖਾਏ ਜਿੱਧਰ।
ਮੁਗਲ ਫੌਜ ਸਵਾ ਲੱਖ,ਦਸ਼ਮੇਸ਼ ਪਿਤਾ ਦਾ ਸਿੰਘ
ਇੱਕ ਯੋਧਾ।
ਖੰਡੇ ਬਾਟੇ 'ਚੋਂ ਪੀ ਅੰਮ੍ਰਿਤ, ਵਾਹੁੰਦਾ ਰਿਹਾ ਇਹ ਸ਼ਮਸ਼ੀਰ ਯੋਧਾ।
ਮੁਗਲਾਂ ਦੇ ਹੌਸਲੇ ਪਸਤ ਹੋ ਗਏ,ਜਦ ਬੰਦੇ ਦਾ ਖੰਡਾ ਖੜਕਿਆ।
ਸਿੰਘਾਂ ਦੀ ਬਹਾਦਰੀ, ਸਿੰਘਾਂ ਦਾ ਬਲਦਾਨ ਤੇ ਜਾਹੋ ਜਲਾਲ ਦੇਖੋ।
ਹੁੰਦੇ ਕਿਵੇਂ ਦੇਸ਼ ਤੇ ਕੌਮ ਖਾਤਿਰ ਸਿੰਘ ਸੂਰਮੇ ਕੁਰਬਾਨ ਦੇਖੋ।
ਹੁੰਦਾ ਜ਼ੁਲਮ ਦੇਖ ਕੇ ਚਿਹਰਾ ਭੱਖਦਾ ਹੈ ਲਾਲ ਅੰਗਿਆਰ ਵਾਂਗੂੰ।
ਗੁਰੂ ਕੇ ਬਾਜ਼ ਕਰਦੇ ਦੁਸ਼ਮਣ ਦਾ ਨਾਸ਼ ਚਿੜੀਆਂ ਦੀ ਡਾਰ ਵਾਂਗੂੰ।

**ਹਰਪ੍ਰੀਤ ਕੌਰ**
**ਅੰਗਰੇਜ਼ੀ ਮਿਸਟ੍ਰੈਸ**
**ਸ ਸ ਸ ਸ ਕਰਮਗੜ੍ਹ ਬਰਨਾਲਾ**



## ਦੋਹੜੇ

ਸੱਚ ਬੋਲਦਾ ਹਾਂ ਤਾਂ ਇਹ ਦੁਨੀਆ ਮਾਰੇ
ਝੂਠ ਬੋਲਾਂ ਤਾਂ ਲੱਗਦਾ ਹੈ ਮੈਨੂੰ ਪਾਪ ।
ਮੈਂ ਇਹ ਕਰਾਂ ਜਾਂ ਫੇਰ ਉਹ ਕਰਾਂ
ਲੱਗਿਆ ਰਹਿੰਦਾ ਮੈਨੂੰ ਇਹ ਸੰਤਾਪ ।
ਜੇਕਰ ਸੁਖ ਨਾਲ ਰਹਿਣਾ ਚਾਹੁੰਦੇ ਹੋ ਤਾਂ
ਰੱਖੋ ਰਿਸ਼ਤਿਆਂ ਵਿੱਚ ਕਾਫੀ ਦੂਰੀ ।
ਜੇਕਰ ਘਿਓ ਸ਼ੱਕਰ ਹੋ ਜਾਵੋਗੇ ਤਾਂ
ਨਿਭਾਉਣ ਵਿੱਚ ਹੋ ਜਾਵੇਗੀ ਮਜਬੂਰੀ।



ਸਾਧੂ ਅਤੇ ਹਵਾ ਦਾ ਨਹੀਂ ਹੁੰਦਾ ਕੋਈ ਠਿਕਾਣਾ
ਉਹਨੂੰ ਸਾਧੂ ਨਾ ਸਮਝੀਏ ਜੋ ਰੁਕਣ ਦਾ ਲਾਵੇ ਬਹਾਨਾ ।
ਪਤੀ ਪਤਨੀ ਹੋ ਕੇ ਵੀ ਜੇਕਰ ਨਹੀਂ ਆਪਸੀ ਪਿਆਰ
ਇਹੋ ਜਿਹੀ ਜਿੰਦਗੀ ਜਿਉਣਾ ਤਾਂ ਹੈ ਬਿਲਕੁਲ ਬੇਕਾਰ।
ਤਕੜਾ ਹੋ ਕੇ ਜਿਹੜਾ ਖੋਹਵੇ ਦੂਜਿਆਂ ਦੇ ਅਧਿਕਾਰ
ਇੱਕ ਦਿਨ ਉਹ ਰੋਵੇਗਾ ਜਦੋਂ ਪਈ ਰੱਬ ਦੀ ਮਾਰ ।
ਪਾਪ ਕਰਕੇ ਪਛਤਾਉਣ ਵਾਲਾ ਹੁੰਦਾ ਹੈ ਵੱਡਾ ਗਿਆਨੀ
ਪਾਪ ਕਰਕੇ ਬਚ ਜਾਵਾਂਗਾ, ਸੋਚੇ , ਉਸ ਦੀ ਹੈ ਨਾਦਾਨੀ।
ਮਾੜੇ ਜਿਸ ਦੇ ਕਰਮ ਹਨ ਬੇਸ਼ਕ ਚੰਗਾ ਹੋਵੇ ਨਾਮ
ਜੇਕਰ ਨਹੀਂ ਸੁਧਰਿਆ ਉਹ ਤਾਂ ਹੋ ਜਾਵੇਗਾ ਬਦਨਾਮ।
ਮੇਰੀ ਤੇਰੀ ਜੋ ਕਰੇ ਹੈ ਉਸ ਦੇ ਮਨ ਵਿੱਚ ਕੋਈ ਖੋਟ
ਪਤਾ ਉਸ ਨੂੰ ਉਦੋਂ ਚਲੇਗਾ ਜਦੋਂ ਲਗੇਗੀ ਦਿਲ ਤੇ ਚੋਟ।

**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ** 94 16 35 90 45
**ਰੋਹਤਕ** 12 40 01 **ਹਰਿਆਣਾ**

## ਯੁੱਧ

ਜੰਗ ਜਾਂ ਯੁੱਧ ਇੱਕ ਸ਼ਬਦ ਨਹੀਂ,
ਇਸ ਦਾ ਯਥਾਰਥ ਮੌਤ ਤੋ ਵੀ ਪਰ੍ਹੇ ਹੈ।
ਅਸੀਂ ਉਹ ਪੀੜੀ,
ਜਿੰਨਾਂ ਨੇ ਯੁੱਧ ਇਤਿਹਾਸ ਵਿੱਚ ਹੀ ਪੜਿਆ ਹੈ,
ਖ਼ੂਨ ਦੇ ਬਦਲੇ ਖ਼ੂਨ ਦੀ ਗੱਲ ਕਰਦੇ ਹਾਂ।
ਅਸੀਂ ਆਮ ਜਿਹੇ ਲੋਕ,
ਜੋ ਹਨੇਰੇ ਵਿੱਚ ਆਪਣਾ ਬੱਚਾ ਬਾਹਰ ਭੇਜਣ ਤੋਂ ਡਰਦੇ ਹਾਂ।
ਗਰਜਦੇ ਬੱਦਲਾਂ ਦੀ ਆਵਾਜ਼ ਵਿੱਚ,
ਸੀਨੇ ਨਾਲ ਲਾ ਘੁੱਟ ਲੈਂਦੇ ਹਾਂ ਆਪਣੇ ਨਿੱਕੇ-ਨਿਆਣੇ।
ਕਿਸੇ ਬੇਗਾਨੀ ਮਾਂ ਦੇ ਸੈਨਿਕ ਪੁੱਤ ਨੂੰ ਦੇਖ, "ਜੈ ਜਵਾਨ" ਦਾ ਨਾਰਾ
ਲਾ ਸਰਹੱਦਾਂ ਲਈ ਵਿਦਾ ਕਰਦੇ ਹਾਂ।
ਜਿੰਨ੍ਹਾ ਨੇ ਯੁੱਧ ਦਾ ਯਥਾਰਥ ਨਹੀ ਦੇਖਿਆ,
ਉਹ ਫੋਨਾਂ ਤੇ ਸਰਚ ਕਰ ਲੈਣ ਸੀਰੀਆ ਜਾਂ ਯੂਕਰੇਨ ਦੀਆਂ
ਤਸਵੀਰਾਂ।
ਗਾਜਾ-ਪੱਟੀ ਦੀਆਂ ਲਹੂ ਭਿੱਜੀਆਂ ਖਬਰਾਂ,
ਤੁਹਾਡੀਆਂ ਅੱਖਾਂ ਨੂੰ ਗਿੱਲਾ ਕਰ ਦੇਣਗੀਆਂ।
ਯੁੱਧ ਕਿਸੇ ਦੀ ਹਾਰ ਜਾਂ ਜਿੱਤ ਨਹੀਂ,
ਇਹ ਮਾਨਵਤਾ ਦਾ ਕਤਲ ਹੈ।
ਇਹ ਧਰਤੀ ਦਾ ਵਿਨਾਸ਼ ਹੈ।
ਯੁੱਧਾਂ ਦੇ ਹਰ ਮਸਲੇ ਟੇਬਲਾਂ ਤੇ ਹੀ ਮੁੱਕਦੇ ਨੇ ।
ਚਲੋ ਆਓ! ਮਾਨਵਤਾ ਦੀ ਜਿੱਤ ਲਈ ਟੇਬਲਾਂ ਦੁਆਲੇ ਬਹਿ ਮਸਲੇ
ਨਿਪਟਾਈਏ।

**ਸੁਖਪਿੰਦਰ ਕੌਰ**
**ਸ.ਸ.ਸ.ਸ. ਕਰਮਗੜ੍ਹ**
**ਬਰਨਾਲਾ**






# ਸਿਰਲੇਖ: ਮੇਰੀ ਕਹਾਣੀ - ਰੋੜ੍ਹ ਤੋਂ ਕਰੋੜਪਤੀ ਬਣਨ ਦੀ (ਭਾਗ-4)



ਅਵਤਾਰ ਤਰਕਸ਼ੀਲ
ਨਿਊਜ਼ੀਲੈਂਡ
ਜੱਦੀ ਪਿੰਡ
ਖੁਰਦਪੁਰ (ਜਲੰਧਰ)
006421392147

ਸੰਨ 1990 ਵਿੱਚ ਕੀਵੀਫਰੂਟ ਗੱਤੇ ਦੀਆਂ ਟਰੇਆਂ (ਡੱਬਿਆਂ) ਵਿੱਚ ਪੈਕ ਹੋਣ ਲੱਗਾ ਜੋ ਪਹਿਲਾਂ ਲੱਕੜ ਦੇ ਬਕਸਿਆਂ ਵਿੱਚ ਪੈਕ ਹੁੰਦਾ ਸੀ ਲ ਉਹ ਬਕਸੇ ਬਣਾਉਣ ਵਾਲੀ ਮਸ਼ੀਨ ਸਭ ਤੋਂ ਪਹਿਲਾਂ ਨਿਊਜ਼ੀਲੈਂਡ ਵਿੱਚ ਮੈਂ ਹੀ ਚਲਾਈ ਲ ਇਸ ਮਸ਼ੀਨ ਦੀਆਂ ਕੁੱਝ ਚੀਜ਼ਾਂ ਮੇਰੀ ਪ੍ਰਿੰਟਿੰਗ ਦੀ ਮਸ਼ੀਨ ਨਾਲ ਮਿਲਦੀਆਂ ਸਨ ਲ ਇਸ ਕਰਕੇ ਮੈਂ ਉਸ ਨੂੰ ਠੀਕ ਵੀ ਜਿਆਦਾ ਤੌਰ ਤੇ ਆਪ ਹੀ ਕਰ ਲੈਂਦਾ ਸੀ ਲ ਉਸ ਨੂੰ ਚਲਾਉਣ ਵਾਲੇ ਕਾਰੀਗਰ ਘੱਟ ਸਨ ਲ ਮੈਨੂੰ ਤੇ ਇੱਕ ਮੇਰੇ ਦੋਸਤ ਨੂੰ ਖੁੱਲ੍ਹਾ ਕੰਮ ਮਿਲ ਗਿਆ ਲ ਹੁਣ ਮੈਂ ਕਾਰ ਖਰੀਦ ਲਈ ਸੀ ਅਤੇ ਨਿਊਜ਼ੀਲੈਂਡ ਦਾ ਡਰਾਈਵਿੰਗ ਲਾਇਸੈਂਸ ਵੀ ਲੈ ਲਿਆ ਸੀ ਲ ਹਫ਼ਤੇ ਦੇ 140 ਘੰਟੇ ਕੰਮ ਕਈ ਵਾਰ ਕੀਤਾ ਲ ਲਗਾਤਾਰ ਬਿਨਾਂ ਸੌਣ ਤੋਂ 42 ਘੰਟੇ ਕੰਮ ਵੀ ਕਈ ਵਾਰ ਕੀਤਾ ਲ ਵੈਸੇ ਨਿਊਜ਼ੀਲੈਂਡ ਵਿੱਚ 40 ਘੰਟੇ ਹਫ਼ਤੇ ਦਾ ਕੰਮ ਕਰਨ ਨੂੰ ਫੁੱਲ ਟਾਈਮ ਕੰਮ ਕਹਿੰਦੇ ਹਨ ਲ ਏਨੇ ਘੰਟੇ ਕੰਮ ਕਰਕੇ ਕਾਰ ਚਲਾਉਂਦਿਆਂ ਨੀਂਦ ਆ ਜਾਂਦੀ ਸੀ ਲ ਇਸ ਤੋਂ ਬਚਣ ਲਈ ਕੋਈ ਨਾ ਕੋਈ ਟੌਫੀ ਜਾਂ ਗੋਲੀ ਮੂੰਹ ਵਿੱਚ ਚੂਸਣ ਲਈ ਪਾ ਲੈਂਦੇ ਸੀ ਲ ਸਾਡਾ ਦੋਨਾਂ ਦਾ ਕੰਮ ਦੇਖ ਕੇ ਗੋਰੇ ਨੇ ਸਾਡੀਆਂ ਫੋਟੋ ਖਿੱਚ ਕੇ ਆਪਣੇ ਦਫ਼ਤਰ ਵਿੱਚ ਲਗਾ ਲਈਆਂ ਜਿਨ੍ਹਾਂ ਤੇ ਲਿਖ ਦਿੱਤਾ ਕਿ ਏਨੇ ਸਖ਼ਤ ਮਿਹਨਤੀ ਕਾਮੇ ਮੈਂ ਜ਼ਿੰਦਗੀ ਵਿੱਚ ਨਹੀਂ ਦੇਖੇ ਹਨ ਲ ਮੈਂ ਵੱਧ ਸਮਾਂ ਕੀਵੀਫਰੂਟ ਪੈਦਾ ਕਰਨ ਵਾਲੀਆਂ ਕੰਪਨੀਆਂ ਵਿੱਚ ਨੌਕਰੀ ਕਰਨ ਵਿੱਚ ਗੁਜ਼ਾਰਿਆ ਲ ਕੀਵੀਫਰੂਟ ਦੇ ਖੇਤਰ ਵਿੱਚ ਆਪਣੇ ਤਜਰਬੇ ਅਤੇ ਕੀਤੀਆਂ ਖੋਜਾਂ ਕਾਰਣ ਮੈਂ ਔਕਲੈਂਡ (ਨਿਊਜ਼ੀਲੈਂਡ) ਦੀ ਇੱਕ ਕੀਵੀਫਰੂਟ ਦੀ ਕੰਪਨੀ ਵਿੱਚ ਮੈਨੇਜਰ ਬਣ ਗਿਆ ਲ ਇਹ ਕੰਪਨੀ ਮੇਰੀ ਮੈਨੇਜਮੈਂਟ ਦੌਰਾਨ ਕੀਵੀਫਰੂਟ ਖੇਤਰ ਵਿੱਚ ਔਕਲੈਂਡ ਦੀ ਸਭ ਤੋਂ ਵੱਡੀ ਕੰਪਨੀ ਬਣੀ ਅਤੇ ਵੱਧ ਫਸਲ ਪੈਦਾ ਕਰਨ ਵਾਲੀ ਕੰਪਨੀ ਬਣੀ । ਮੈਂ ਪਹਿਲਾ ਭਾਰਤੀ ਸੀ ਜੋ ਨਿਊਜ਼ੀਲੈਂਡ ਦੇ ਕੀਵੀਫਰੂਟ ਖੇਤਰ ਵਿੱਚ ਬਿਨਾਂ ਕਿਸੇ ਡਿਗਰੀ ਤੋਂ, ਬਿਨਾਂ ਕਿਸੇ ਕਾਲਜ ਜਾਣ ਤੋਂ ਔਕਲੈਂਡ ਦੀ ਕੀਵੀਫਰੂਟ ਖੇਤਰ ਦੀ ਸਭ ਤੋਂ ਵੱਡੀ ਕੰਪਨੀ ਦਾ ਮੈਨੇਜਰ ਬਣਿਆ ਲ ਦਸ ਪੜ੍ਹਿਆ ਹੋਣ ਕਾਰਣ ਬਹੁਤ ਸਾਰਿਆਂ ਗੋਰਿਆਂ ਨੇ ਮੈਨੂੰ ਉੱਚੀ ਪੁਜੀਸ਼ਨ ਮਿਲਣ ਤੇ ਵਿਰੋਧ ਕੀਤਾ ਅਤੇ ਮਾਲਕਾਂ ਨੂੰ ਕਿਹਾ ਕਿ ਅਵਤਾਰ ਕੋਲ ਡਿਗਰੀ ਨਾ ਹੋਣ ਕਾਰਣ ਇਹ ਕੰਪਨੀ ਦਾ ਬਹੁਤ ਨੁਕਸਾਨ ਕਰੇਗਾ ਪਰ ਮੇਰੀਆਂ ਕੀਤੀਆਂ ਹੋਈਆਂ ਪ੍ਰਾਪਤੀਆਂ ਕਾਰਣ ਮਾਲਕ ਨੇ ਕਿਸੇ ਹੋਰ ਗੋਰੇ ਦੀ ਗੱਲ ਨਾ ਸੁਣੀ ਸਗੋਂ ਦਿਨੋਂ ਦਿਨ ਮੇਰੀ ਕੰਪਨੀ ਵਿੱਚ ਪੁਜੀਸ਼ਨ ਹੋਰ ਮਜ਼ਬੂਤ ਹੁੰਦੀ ਚਲੀ ਗਈ ਲ ਇੱਕ ਗੋਰਾ ਜੋ ਮੇਰੀ ਮੈਨੇਜਰ ਦੀ ਪੁਜੀਸ਼ਨ ਦਾ ਵਿਰੋਧ ਕਰਦਾ ਸੀ ਉਸ ਨੂੰ 10 ਸਾਲ ਲਗਾਤਾਰ ਚੁਣੌਤੀ ਦੇ ਕੇ ਆਪਣੇ ਨਾਲੋਂ ਵੱਧ ਫਸਲ ਦਾ ਝਾੜ ਨਹੀਂ ਕੱਢਣ ਦਿੱਤਾ ਲ ਉਸ ਤੋਂ ਬਾਦ ਅੱਜ ਤੱਕ ਉਹ ਮੇਰੇ ਨਾਲ ਅੱਖ ਮਿਲਾ ਕੇ ਗੱਲ ਨਹੀਂ ਕਰਦਾ ਹੈ ।

ਅਕਤੂਬਰ 1998 ਵਿੱਚ ਜਦੋਂ ਮੈਂ ਓਵਰਸਟੇ ਹੀ ਸੀ ਤਾਂ ਮੇਰੀ ਸ਼ਾਦੀ ਮਨਜੀਤ ਕੌਰ ਪਿੰਡ ਦਿਹਾਣਾ ਜਿਲ੍ਹਾ ਹੁਸ਼ਿਆਰਪੁਰ ਨਾਲ ਹੋ ਗਈ ਲ ਉਸ ਸਮੇਂ ਮਨਜੀਤ ਕੌਰ ਵੀ ਨਿਊਜ਼ੀਲੈਂਡ ਵਿੱਚ ਓਵਰਸਟੇ ਹੀ ਸੀ ਲ ਉਹ ਆਪਣੇ ਰਿਸ਼ਤੇਦਾਰਾਂ ਕੋਲ ਆਈ ਹੋਈ ਸੀ । ਮੇਰੀ ਮਾਤਾ ਜੀ ਦੀ ਮੌਤ 1991 ਵਿੱਚ ਅਤੇ ਮੇਰੇ ਵੱਡੇ ਭਰਾ ਦੀ ਮੌਤ 1996 ਵਿੱਚ ਹੋ ਗਈ ਸੀ ਲ ਓਵਰਸਟੇ ਹੋਣ ਕਾਰਣ ਮੈਂ ਉਨ੍ਹਾਂ ਦੇ ਆਖਰੀ ਦਰਸ਼ਨਾਂ ਲਈ ਵੀ ਪੰਜਾਬ ਨਹੀਂ ਜਾ ਸਕਿਆ ਸੀ । ਮੇਰੇ ਭਾਬੀ ਜੀ ਜਿਨ੍ਹਾਂ ਮੈਨੂੰ ਪਾਲਿਆ ਸੀ ਕਨੇਡਾ ਤੋਂ ਮੇਰਾ ਵਿਆਹ ਨਿਊਜ਼ੀਲੈਂਡ ਕਰਨ ਆਏ ਸਨ ਲ ਭਰਾ ਦਾ ਸਾਰਾ ਪਰਿਵਾਰ ਇਨ੍ਹਾਂ ਦਿਨਾਂ ਵਿੱਚ ਕਨੇਡਾ ਚਲਾ ਗਿਆ ਸੀ ਲ ਭਾਬੀ ਜੀ ਮੈਨੂੰ 9 ਸਾਲ ਬਾਦ ਮਿਲੇ ਸਨ ਲ ਉਸ ਸਮੇਂ ਮੈਂ ਕੀਵੀਫਰੂਟ ਦੇ ਕੰਮ ਦੇ ਨਾਲ ਨਾਲ ਕਾਰਾਂ ਵੇਚਣ ਦਾ ਕੰਮ ਵੀ ਕਰਦਾ ਹੁੰਦਾ ਸੀ ਲ ਮੇਰੀਆਂ ਆਪਣੀਆਂ 5 ਕਾਰਾਂ ਘਰ ਖੜ੍ਹੀਆਂ ਸਨ ਲ ਭਾਬੀ ਜੀ ਕਾਰਾਂ ਦੇਖ ਕੇ ਬੜੇ ਖੁਸ਼ ਹੋਏ ਕਿ ਤੂੰ ਜੋ ਚਾਰ ਪੰਜ ਸਾਲ ਦੀ ਉਮਰ ਵਿੱਚ ਕਹਿੰਦਾ ਹੁੰਦਾ ਸੀ ਉਹ ਕਰ ਲਿਆ ਸੀ ਲ ਉਹ ਕਾਰਾਂ ਇੱਕੋ ਦਿਨ ਵਿੱਚ ਹੀ ਵਿਕ ਗਈਆਂ ਅਤੇ ਮੇਰੇ ਕੋਲ ਹੋਰ ਪੰਜ ਕਾਰਾਂ ਆ ਗਈਆਂ ਲ ਇਸ ਤਰਾਂ ਭਾਬੀ ਜੀ ਨੇ ਮੇਰੇ ਨਾਲ ਕਈ ਕਾਰਾਂ ਵਿੱਚ ਸਫ਼ਰ ਕੀਤਾ ਲ ਉਨ੍ਹਾਂ ਨੂੰ ਬੜਾ ਮਾਣ ਸੀ ਕਿ ਉਨ੍ਹਾਂ ਦਾ ਪਾਲਿਆ ਹੋਇਆ ਬੱਚਾ ਅੱਜ ਇਸ ਮੁਕਾਮ ਤੇ ਪਹੁੰਚਾ ਸੀ ਲ ਮੇਰੇ ਵਿਆਹ ਤੇ ਤਕਰੀਬਨ 600 ਦੇ ਕਰੀਬ ਮੇਰੇ ਦੋਸਤ ਆਏ ਲ ਸਾਰੀ ਰਾਤ ਦੋਸਤਾਂ ਨੇ ਹੀ ਰਲ ਕੇ ਅਖਾੜਾ (ਗੀਤ ਸੰਗੀਤ) ਲਾਇਆ ਲ ਵਿਆਹ ਦੀ ਪਾਰਟੀ ਸ਼ਾਮ ਨੂੰ 4 ਵਜੇ ਸ਼ੁਰੂ ਹੋ ਕੇ ਦੂਜੇ ਦਿਨ ਤੜਕੇ ਤਿੰਨ ਵਜੇ ਤੱਕ ਚੱਲੀ ਲ ਮੈਨੂੰ ਜ਼ਿੰਦਗੀ ਵਿੱਚ ਇਹ ਪਹਿਲਾ ਖੁਸ਼ੀ ਦਾ ਮੌਕਾ ਦੇਖਣ ਨੂੰ ਮਿਲਿਆ ਸੀ ਲ ਇਸੇ ਕਰਕੇ ਹੀ ਸਾਰੇ ਦੋਸਤ ਵਿਆਹ ਤੇ ਬੁਲਾਏ ਹੋਏ ਸਨ ਲ ਵਿਆਹ ਬਿਨਾਂ ਦਾਜ ਦਹੇਜ ਤੋਂ ਕੀਤਾ ਗਿਆ ਲ ਵਿਆਹ ਤੋਂ ਬਾਦ ਅਸੀਂ ਦੋਨੋਂ ਜਣੇ 2 ਬੈਡਰੂਮ ਦਾ ਘਰ ਕਿਰਾਏ ਤੇ ਲੈ ਕੇ ਪੁੱਕੀਕੋਹੀ (ਸਾਊਥ ਔਕਲੈਂਡ) ਵਿੱਚ ਰਹਿਣ ਲੱਗ ਪਏ ਲ ਵਿਆਹ ਸਮੇਂ ਮੈਨੂੰ ਏਨੇ ਤੋਹਫੇ ਮਿਲੇ ਕਿ ਸਾਰਾ ਘਰ ਤੋਹਫਿਆਂ ਨਾਲ ਹੀ ਭਰ ਗਿਆ ਲ ਸਾਡੇ ਕੋਲ ਸਿਰਫ ਬੈੱਡਾਂ ਤੇ ਜਾਣ ਜੋਗੀ ਜਗ੍ਹਾ ਹੀ ਬਚੀ ਲ ਵਿਆਹ ਤੋਂ ਕੁੱਝ ਮਹੀਨੇ ਬਾਦ ਓਵਰਸਟੇ ਹੁੰਦਿਆਂ ਹੀ ਮੈਂ 2 ਘਰ ਮੁੱਲ ਖਰੀਦ ਲਏ ਲ ਇੱਕ ਵਿੱਚ ਅਸੀਂ ਰਹਿੰਦੇ ਸੀ ਅਤੇ ਦੂਜਾ ਉਸ ਦੇ ਨਾਲ ਵਾਲਾ ਘਰ ਖਰੀਦ ਕੇ ਕਿਰਾਏ ਤੇ ਦੇ ਦਿੱਤਾ ਸੀ ਲ ਉਨ੍ਹਾਂ ਦਿਨਾਂ ਵਿੱਚ ਓਵਰਸਟੇ ਆਪਣਾ ਘਰ ਖਰੀਦ ਸਕਦੇ ਸਨ ਪਰ ਬੈਂਕਾਂ ਉਨ੍ਹਾਂ ਨੂੰ ਕਰਜ਼ਾ ਨਹੀਂ ਦਿੰਦੀਆਂ ਸਨ ਲ ਕਾਫੀ ਬੈਂਕਾਂ ਕੋਲੋਂ ਪੁੱਛਣ ਤੇ ਮੈਨੂੰ ਕਰਜ਼ਾ ਮਿਲ ਗਿਆ ਸੀ ਲ ਇਮੀਗ੍ਰੇਸ਼ਨ ਨੂੰ ਸਾਡੇ ਐਡਰੈੱਸ ਦਾ ਪਤਾ ਲੱਗ ਗਿਆ ਸੀ ਜਿਸ ਕਰਕੇ ਅਸੀਂ ਆਪਣਾ ਘਰ ਛੱਡ ਕੇ ਹੋਰ ਕਿਰਾਏ ਦੇ ਘਰ ਵਿੱਚ ਰਹਿਣ ਲੱਗੇ ਲ ਕੁੱਝ ਮਹੀਨਿਆਂ ਵਿੱਚ ਹੀ ਅਸੀਂ ਕਈ ਘਰ ਬਦਲੇ ਲ ਹਰ ਸਮੇਂ ਅਸੀਂ ਇਮੀਗ੍ਰੇਸ਼ਨ ਤੋਂ ਡਰਦੇ ਦਿਨ ਕੱਟਦੇ ਸੀ ਲ ਉਹ ਸਾਨੂੰ ਕਦੇ ਵੀ ਫੜ ਕੇ ਡਿਪੋਰਟ ਕਰ ਸਕਦੇ ਸਨ ਲ ਵਾਰ ਵਾਰ ਘਰ ਬਦਲਣ ਕਾਰਣ ਮੈਨੂੰ ਬਹੁਤ ਖਰਚਾ ਝੱਲਣਾ ਪਿਆ ਲ ਵਿਆਹ ਤੇ ਦੋਸਤਾਂ ਵਲੋਂ ਆਏ ਤੋਹਫੇ ਵੀ ਮੁਫ਼ਤ ਵਿੱਚ ਲੋੜਵੰਦਾਂ ਨੂੰ ਦੇ ਦਿੱਤੇ ਗਏ ਕਿਉਂਕਿ ਮੈਂ ਉਨ੍ਹਾਂ ਨੂੰ ਵਾਰ ਵਾਰ ਚੁੱਕ ਕੇ ਦੂਜੇ ਘਰਾਂ ਵਿੱਚ ਲਿਜਾ ਨਹੀਂ ਸਕਦਾ ਸੀ ।

ਨਵੰਬਰ 1999 ਵਿੱਚ ਮੈਨੂੰ ਮੁਲਕ ਵਿੱਚ ਓਵਰਸਟੇ ਹੋਣ ਕਾਰਣ ਇਮੀਗ੍ਰੇਸ਼ਨ ਦੁਆਰਾ ਡਿਪੋਰਟ ਕਰ ਦਿੱਤਾ ਗਿਆ ਅਤੇ ਮੇਰੇ ਤੇ ਮੁਲਕ ਵਿੱਚ ਦਾਖਲੇ ਦਾ 5 ਸਾਲਾ ਬੈਨ (ਭਓਨ/ਪਬੰਦੀ) ਲਗਾ ਦਿੱਤਾ । ਮੇਰੀ ਪਤਨੀ ਦਾ ਪੱਕੇ ਹੋਣ ਦਾ ਕੇਸ ਚੱਲਦਾ ਸੀ । ਇਸ ਕਰਕੇ ਉਸ ਨੂੰ ਇਮੀਗ੍ਰੇਸ਼ਨ ਨੇ ਕੁੱਝ ਨਹੀਂ ਕਿਹਾ ਪਰ ਮੁਲਕ ਛੱਡ ਜਾਣ ਲਈ ਰਿਮੂਵਲ ਆਰਡਰ ਦੇ ਦਿੱਤੇ । ਡਿਪੋਰਟ ਕਰਨ ਵੇਲੇ ਜਦੋਂ ਮੈਨੂੰ ਪੁਲਿਸ ਨੇ ਆਪਣੀ ਕਾਰ ਵਿੱਚ ਬਿਠਾਇਆ ਤਾਂ ਉਸ ਕਾਰ ਵਿੱਚ ਮੇਰਾ ਹੁਲੀਆ ਲਿਖਿਆ ਹੋਇਆ ਸੀ । ਇਸ ਤੋਂ ਪਤਾ ਲਗਦਾ ਸੀ ਕਿ ਮੇਰੀ ਕਿਸੇ ਨੇ ਸ਼ਿਕਾਇਤ ਕੀਤੀ ਸੀ ਲ ਮੈਨੂੰ ਕਿਸੇ ਤੇ ਕੋਈ ਸ਼ੱਕ ਨਹੀਂ ਸੀ ਤੇ ਨਾ ਹੀ ਕਿਸੇ ਨਾਲ ਕੋਈ ਗਿਲਾ ਸੀ ਕਿਉਂਕਿ ਮੈਂ ਕਦੇ ਕਿਸੇ ਨਾਲ ਬੁਰੀ ਨਹੀਂ ਕੀਤੀ ਸੀ ਲ ਮੈਨੂੰ ਵਕੀਲ ਕਰਨ ਦਾ ਮੌਕਾ ਦਿੱਤਾ ਗਿਆ ਪਰ ਮੈਂ ਵਕੀਲ ਕਰਨ ਤੋਂ ਨਾਂਹ ਕਰ ਦਿੱਤੀ ਲ ਇਮੀਗ੍ਰੇਸ਼ਨ ਨੂੰ ਮੈਂ ਆਖਿਆ ਕਿ ਦੋ ਮਹੀਨਿਆਂ ਤੱਕ ਸਾਡੇ ਘਰ ਬੱਚਾ ਹੋਣ ਵਾਲਾ ਹੈ ਲ ਮੇਰਾ ਦੋ ਮਹੀਨੇ ਇਥੇ ਰਹਿਣਾ ਬਹੁਤ ਜ਼ਰੂਰੀ ਹੈ । ਮੈਂ ਇਸ ਵਾਸਤੇ ਤੁਹਾਨੂੰ 20,000 ਡਾਲਰ ਦੀ ਜ਼ਮਾਨਤ ਦੇ ਦਿੰਦਾ ਹਾਂ ਲ ਇਮੀਗ੍ਰੇਸ਼ਨ ਅਫ਼ਸਰ ਨਹੀਂ ਮੰਨਿਆ । ਕਹਿੰਦਾ ਕਿ ਅਸੀਂ ਤੈਨੂੰ ਪਹਿਲਾਂ ਹੀ ਦਸ ਸਾਲ ਬਾਦ ਫੜ੍ਹਿਆ ਹੈ । ਜੇ ਜ਼ਮਾਨਤ ਤੇ ਛੱਡ ਦਿੱਤਾ ਤਾਂ ਮੁੜ ਕੇ ਤੂੰ ਸਾਡੇ ਹੱਥ ਨਹੀਂ ਆਉਣਾ ਹੈ ਲ ਮੈਂ ਖੁਦ ਹੀ ਇਮੀਗ੍ਰੇਸ਼ਨ ਨੂੰ ਇੰਡੀਆ ਜਾਣ ਵਾਸਤੇ ਟਿਕਟ ਦੇ ਪੈਸੇ ਬੈਂਕ ਵਿੱਚੋਂ ਕਢਵਾ ਕੇ ਦਿੱਤੇ ਅਤੇ ਅਗਲੇ ਦਿਨ ਹੀ ਮੇਰੀ ਫਲਾਈਟ ਹੋ ਗਈ । ਸਾਡੇ ਤੇ ਇਕੱਠਾ ਹੀ ਮੁਸੀਬਤਾਂ ਦਾ ਪਹਾੜ ਟੁੱਟਿਆ ਲ ਉਸ ਸਮੇਂ (1999) ਮੈਂ $85,000 ਦੇ ਕਰੀਬ ਸਲਾਨਾ ਤਨਖ਼ਾਹ ਲੈਂਦਾ ਸੀ ਉਹ ਬੰਦ ਹੋ ਗਈ, ਦੋ ਮੇਰੇ ਘਰ ਖਾਲੀ ਸਨ ਜਿਨ੍ਹਾਂ ਦੀ ਕਿਸ਼ਤ ਇੰਡੀਆ ਤੋਂ ਦੇਣੀ ਪੈਣੀ ਸੀ, ਮਨਜੀਤ ਦੀ ਰਿਹਾਇਸ਼ ਦਾ ਪ੍ਰਬੰਧ ਕਰਨਾ ਸੀ, ਮਨਜੀਤ ਦਾ ਰਿਮੂਵਲ ਆਰਡਰ ਕੈਂਸਲ ਕਰਾਉਣ ਲਈ ਕੇਸ ਲਗਾਉਣਾ ਸੀ, ਇੰਡੀਆ ਜਾਣ ਦਾ ਖਰਚਾ ਅਤੇ ਦੁਬਾਰਾ ਫਿਰ ਵਾਪਿਸ ਆਉਣ ਲਈ ਸੰਘਰਸ਼ ਕਰਨਾ ਸੀ ਲ ਇਸ ਸਭ ਕੁੱਝ ਦਾ ਬੋਝ ਅਚਾਨਕ ਮੇਰੇ ਤੇ ਪਿਆ ਜੋ ਇੰਡੀਆ ਤੋਂ ਹੀ ਚੁੱਕਣਾ ਸੀ ਲ ਸ਼ਾਇਦ ਤਰਕਸ਼ੀਲ ਸੋਚ ਹੋਣ ਕਾਰਣ ਮੈਂ ਆਪਣੇ ਆਪ ਨੂੰ ਏਨਾ ਮਜ਼ਬੂਤ ਕਰ ਲਿਆ ਸੀ ਕਿ ਇਹ ਸਭ ਬਰਦਾਸ਼ਤ ਕਰ ਗਿਆ । ਮੈਂ ਪਹਿਲਾਂ ਹੀ ਆਪਣਾ ਅਟੈਚੀ ਮਨਜੀਤ ਨੂੰ ਪੈਕ ਕਰਕੇ ਦਿੱਤਾ ਹੋਇਆ ਸੀ ਕਿ ਜਦੋਂ ਵੀ ਇਮੀਗ੍ਰੇਸ਼ਨ ਮੈਨੂੰ ਫੜੇ ਤਾਂ ਇਹ ਅਟੈਚੀ ਮੈਨੂੰ ਏਅਰਪੋਰਟ ਤੇ ਫੜਾ ਦੇਵੇ ਲ ਅਸੀਂ ਦੋਨੋਂ ਜਣੇ ਮਾਨਸਿਕ ਤੌਰ ਤੇ ਇਸ ਲਈ ਤਿਆਰ ਸੀ ਲ ਮਨਜੀਤ ਨੂੰ ਮੈਂ ਕਿਹਾ ਹੋਇਆ ਸੀ ਕਿ ਮੇਰੇ ਡਿਪੋਰਟ ਹੋਣ ਤੇ ਹੰਝੂ ਨਹੀਂ ਵਹਾਉਣੇ ਲ ਮੈਂ ਨਿਊਜ਼ੀਲੈਂਡ ਕਮਾਈ ਕਰਨ ਆਇਆ ਸੀ ਤੇ ਉਹ ਕਰ ਵੀ ਲਈ ਸੀ ।

ਮੈਂ ਪੰਜਾਬ ਆਪਣੇ ਪਿੰਡ 10 ਸਾਲ ਬਾਦ ਪਹੁੰਚਿਆ ਲ ਮੇਰਾ ਪਿੰਡ ਵੀ ਕਾਫੀ ਬਦਲਿਆ ਹੋਇਆ ਸੀ ਲ ਜੋ ਦਰੱਖਤ ਹਰੇ ਭਰੇ ਛੱਡ ਗਿਆ ਸੀ ਉਨ੍ਹਾਂ ਵਿੱਚੋਂ ਕੁੱਝ ਵੱਢੇ ਜਾ ਚੁੱਕੇ ਸਨ, ਕੁੱਝ ਬਜ਼ੁਰਗ ਦੁਨੀਆਂ ਛੱਡ ਚੁੱਕੇ ਸਨ, ਕਾਫੀ ਕੋਠੀਆਂ ਬਣ ਗਈਆਂ ਸਨ ਪਰ ਕੋਠੀਆਂ ਵਿੱਚ ਪਹਿਲਾਂ ਵਾਲੇ ਘਰਾਂ ਵਾਂਗ ਰੌਣਕਾਂ ਨਹੀਂ ਸਨ । ਉਸ ਸਮੇਂ ਕੁਦਰਤੀ ਭਾਬੀ ਜੀ ਹੋਰੀਂ ਕਨੇਡਾ ਤੋਂ ਇੰਡੀਆ ਆਏ ਹੋਏ ਸਨ ਜਿਨ੍ਹਾਂ ਮੈਨੂੰ ਪਾਲਿਆ ਸੀ । ਇਸ ਕਰਕੇ ਘਰ ਦਾ ਦਰਵਾਜ਼ਾ ਮੈਨੂੰ ਖੁੱਲ੍ਹਾ ਮਿਲਿਆ ਲ ਆਪਣੀ ਮਾਂ ਅਤੇ ਭਰਾ ਜਿਨ੍ਹਾਂ ਨੂੰ 10 ਸਾਲ ਪਹਿਲਾਂ ਇਸ ਘਰ ਵਿੱਚ ਛੱਡ ਕੇ ਨਿਊਜ਼ੀਲੈਂਡ ਗਿਆ ਸੀ ਉਹ ਹਮੇਸ਼ਾਂ ਲਈ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ ਲ ਭਤੀਜਾ ਭਤੀਜੀ ਕਨੇਡਾ ਚਲੇ ਗਏ ਸਨ ਲ ਸਾਨੂੰ ਦੋ ਜਣਿਆਂ ਨੂੰ ਘਰ ਦੀਆਂ ਕੰਧਾਂ ਖਾਣ ਨੂੰ ਆਉਂਦੀਆਂ ਸਨ ਲ ਇਹ ਸੋਚ ਕੇ ਮੈਨੂੰ ਬੜਾ ਦੁੱਖ ਹੁੰਦਾ ਕਿ ਜਿਸ ਨਿਊਜ਼ੀਲੈਂਡ ਵਿੱਚ ਮੈਂ ਕੀਵੀਫਰੂਟ ਦੇ ਖੇਤਰ ਵਿੱਚ ਆਪਣੀਆਂ ਖੋਜਾਂ ਕਰਕੇ ਫਸਲ ਤਿੰਨ ਗੁਣਾਂ ਤੋਂ ਵੀ ਜਿਆਦਾ ਵਧਾ ਦਿੱਤੀ ਸੀ ਉਸੇ ਨਿਊਜ਼ੀਲੈਂਡ ਸਰਕਾਰ ਨੇ ਮੇਰੀ ਕਦਰ ਨਹੀਂ ਪਾਈ ਸੀ ਤੇ ਮੈਨੂੰ ਆਪਣੀ ਪਤਨੀ ਤੋਂ ਵੀ ਦੂਰ ਕਰ ਦਿੱਤਾ ਸੀ । ਅਸੀਂ ਪਤੀ ਪਤਨੀ ਦੋ ਮੁਲਕਾਂ ਵਿੱਚ ਇਸ ਤਰ੍ਹਾਂ ਵੰਡੇ ਗਏ ਜਿਸ ਤਰ੍ਹਾਂ ਪਰਿਵਾਰ ਭਾਰਤ ਪਾਕਿਸਤਾਨ ਵੰਡ ਵੇਲੇ ਦੋ ਮੁਲਕਾਂ ਵਿੱਚ ਵੰਡੇ ਗਏ ਸਨ ਲ ਮੇਰੀ ਪਤਨੀ ਮੇਰੇ ਡਿਪੋਰਟ ਹੋਣ ਤੋਂ ਬਾਦ ਨਿਊਜ਼ੀਲੈਂਡ ਵਿੱਚ ਸਾਡੇ ਵਿਚੋਲਿਆਂ ਦੇ ਪਰਿਵਾਰ ਨਾਲ ਰਹੀ । ਇਸ ਪਰਿਵਾਰ ਨਾਲ ਸਾਡੀ ਸ਼ੁਰੂ ਤੋਂ ਹੀ ਬਹੁਤ ਨੇੜਤਾ ਸੀ ਲ ਮੇਰੇ ਡਿਪੋਰਟ ਹੋਣ ਤੋਂ ਦੋ ਕੁ ਮਹੀਨੇ ਬਾਦ ਸਾਡੇ ਘਰ ਨਿਊਜ਼ੀਲੈਂਡ ਵਿੱਚ ਪਹਿਲਾ ਬੇਟਾ ਨਵਦੀਪ ਸਿੰਘ ਪੈਦਾ ਹੋਇਆ ਲ ਉਸ ਸਮੇਂ ਦੇ ਕਨੂੰਨ ਮੁਤਾਬਕ ਮੇਰਾ ਬੇਟਾ ਨਵਦੀਪ ਨਿਊਜ਼ੀਲੈਂਡ ਵਿੱਚ ਪੈਦਾ ਹੋਣ ਕਾਰਣ ਨਿਊਜ਼ੀਲੈਂਡ ਦਾ ਸਿਟੀਜ਼ਨ ਬਣ ਗਿਆ ਸੀ ।

ਇੰਡੀਆ ਆ ਕੇ ਮੈਂ ਕੰਪਿਊਟਰ ਸਿੱਖਣਾ ਸ਼ੁਰੂ ਕਰ ਦਿੱਤਾ ਸੀ । ਕੰਪਿਊਟਰ ਸੈਂਟਰ ਵਿੱਚ ਜਦੋਂ ਮੈਂ ਦਾਖਲਾ ਲੈਣ ਗਿਆ ਤਾਂ ਉਨ੍ਹਾਂ ਦਾਖਲਾ ਦੇਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਮੈਂ ਸਿਰਫ ਦਸ ਪੜ੍ਹਿਆ ਹੋਇਆ ਸੀ ਲ ਉਹ ਕਹਿੰਦੇ ਕਿ ਅਸੀਂ 10+2 ਤੋਂ ਘੱਟ ਪੜ੍ਹੇ ਨੂੰ ਨਹੀਂ ਰੱਖਦੇ ਹਾਂ ਲ ਮੈਂ ਕਿਹਾ ਕਿ ਮੈਨੂੰ ਤੁਸੀਂ ਸਰਟੀਫਿਕੇਟ ਨਾ ਦਿਓ ਲ ਉਹ ਕਹਿਣ ਲੱਗੇ ਕਿ ਕੰਪਿਊਟਰ ਅੰਗਰੇਜ਼ੀ ਵਿੱਚ ਸਿਖਾਇਆ ਜਾਂਦਾ ਹੈ ਅਤੇ ਦਸ ਜ਼ਮਾਤਾਂ ਪੜ੍ਹਿਆ ਵਾਰ ਵਾਰ ਸ਼ਬਦਾਂ ਦੇ ਸਪੈਲਿੰਗ ਹੀ ਪੁੱਛਦਾ ਰਹਿੰਦਾ ਹੈ । ਮੈਂ ਕਿਹਾ ਕਿ ਮੈਂ ਨਹੀਂ ਪੁੱਛਾਂਗਾ ਜੇ ਪੁੱਛਾਂਗਾ ਤਾਂ ਤੁਸੀਂ ਨਾ ਦੱਸਿਓ ਲ ਫਿਰ ਉਨ੍ਹਾਂ ਨੇ ਦਾਖਲਾ ਦੇ ਦਿੱਤਾ ਲ ਜਦੋਂ ਕੋਰਸ ਸ਼ੁਰੂ ਹੋਇਆ ਤਾਂ ਸਪੈਲਿੰਗ ਐਮ ਏ ਕੀਤੀ ਹੋਣ ਵਾਲਿਆਂ ਨੂੰ ਨਹੀਂ ਆਉਂਦੇ ਸਨ ਲ ਕੁੱਝ ਲੋਕ ਰਾਹ ਵਿੱਚ ਜਾਂਦੇ ਨੂੰ ਅਕਸਰ ਮੈਨੂੰ ਮਜ਼ਾਕ ਕਰਦੇ ਕਿ ਤੂੰ ਪਹਿਲਾਂ ਵੀ ਪੜ੍ਹਦਾ ਹੀ ਗਿਆ ਸੀ ਲ ਨਿਊਜ਼ੀਲੈਂਡ ਵਿੱਚ ਦਸ ਸਾਲ ਲਗਾਉਣ ਤੋਂ ਬਾਦ ਵੀ ਆ ਕੇ ਪੜ੍ਹਨ ਲੱਗ ਪਿਆ ਹੈਂ ਪਰ ਮੇਰੀ ਸੋਚ ਸੀ ਕਿ ਸਿੱਖਣ ਜਾਂ ਪੜ੍ਹਨ ਦੀ ਕੋਈ ਤਹਿ ਉਮਰ ਨਹੀਂ ਹੁੰਦੀ ਲ ਸਾਰੀ ਉਮਰ ਇਨਸਾਨ ਨੂੰ ਸਿੱਖਣਾ ਅਤੇ ਪੜ੍ਹਨਾ ਚਾਹੀਦਾ ਹੈ ਅਤੇ ਸਾਰੀ ਉਮਰ ਸੰਘਰਸ਼ ਕਰਨਾ ਨਹੀਂ ਛੱਡਣਾ ਚਾਹੀਦਾ । ਬਹੁਤ ਵਾਰ ਅਸੀਂ ਸੰਘਰਸ਼ ਕਰਨਾ ਉਸ ਵੇਲੇ ਛੱਡ ਜਾਂਦੇ ਹਾਂ ਜਦੋਂ ਅਸੀਂ ਕਾਮਯਾਬੀ ਦੇ ਬਿਲਕੁਲ ਲਾਗੇ ਹੁੰਦੇ ਹਾਂ । ਇਸੇ ਕਰਕੇ ਉਹ ਕਾਮਯਾਬੀ ਵਿਰਲਿਆਂ ਨੂੰ ਹੀ ਮਿਲਦੀ ਹੈ ਲ ਮੈਂ ਲਾਗੇ ਦੇ ਸ਼ਹਿਰ ਆਦਮਪੁਰ ਨੂੰ ਤੁਰ ਕੇ ਹੀ ਚਲਾ ਜਾਂਦਾ ਅਤੇ ਬਾਕੀ ਥਾਵਾਂ ਤੇ ਬੱਸ ਵਿੱਚ ਚਲਾ ਜਾਂਦਾ ਕਿਉਂਕਿ ਮੈਨੂੰ ਦਿਖਾਵੇ ਦੀ ਆਦਤ ਨਹੀਂ ਸੀ । ਰਾਹ ਵਿੱਚ ਜੋ ਵੀ ਦੋਸਤ ਮੈਨੂੰ ਤੁਰੇ ਜਾਂਦੇ ਨੂੰ ਮਿਲਦਾ ਤਾਂ ਆਖਦਾ ਕਿ ਤੇਰਾ ਨਿਊਜ਼ੀਲੈਂਡ ਵਿੱਚ ਸੂਤ ਨਹੀਂ ਆਇਆ ਲ ਉਹ ਇਹ ਗੱਲ ਤਾਂ ਕਹਿੰਦੇ ਸੀ ਕਿਉਂਕਿ ਮੇਰੇ ਕੋਲ ਨਾ ਕਾਰ ਸੀ ਤੇ ਨਾ ਹੀ ਸਕੂਟਰ ਸੀ ਲ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਵੈਸੇ ਵੀ ਤੁਰਨਾ ਪਸੰਦ ਕਰਦਾ ਹਾਂ ਅਤੇ ਦੌੜਦਾ ਵੀ ਰਿਹਾ ਹਾਂ ਲ ਇਸ ਕਰਕੇ ਤੁਰਨਾ ਮੇਰਾ ਸ਼ੌਂਕ ਹੈ ਮਜ਼ਬੂਰੀ ਨਹੀਂ ਪਰ ਉਹ ਮੇਰੀ ਗੱਲ ਮੰਨਣ ਨੂੰ ਤਿਆਰ ਨਹੀਂ ਸਨ ਲ ਜਦੋਂ ਮੈਨੂੰ ਕੰਪਿਊਟਰ ਸੈਂਟਰ ਵਿੱਚ ਦਾਖਲਾ ਨਹੀਂ ਮਿਲ ਰਿਹਾ ਸੀ ਤਾਂ ਮੈਂ ਬੜਾ ਹੈਰਾਨ ਸੀ ਕਿ ਗੋਰਿਆਂ ਦੇ ਮੁਲਕ ਵਿੱਚ ਤਾਂ ਮੈਂ ਬਿਨਾਂ ਡਿਗਰੀ ਔਕਲੈਂਡ ਦੀ ਸਭ ਤੋਂ ਵੱਡੀ ਕੰਪਨੀ ਦਾ ਮੈਨੇਜਰ ਬਣ ਗਿਆ ਸੀ ਪਰ ਮੇਰੇ ਆਪਣੇ ਮੁਲਕ ਵਿੱਚ ਮੈਨੂੰ ਇੱਕ ਕੰਪਿਊਟਰ ਸੈਂਟਰ ਵਿੱਚ ਦਾਖਲਾ ਹੀ ਨਹੀਂ ਮਿਲ ਰਿਹਾ ਸੀ ਲ ਮੈਨੂੰ ਅੱਜ ਵੀ ਮਹਿਸੂਸ ਹੋਇਆ ਕਿ ਉਸ ਸਮੇਂ ਦੀਆਂ ਹਾਲਤਾਂ ਮੁਤਾਬਕ ਪੰਜਾਬ ਛੱਡਣਾ ਮੇਰਾ ਸਹੀ ਫੈਸਲਾ ਸੀ ।

(ਚਲਦਾ)

# ਗਾਇਕ ਤਰਸੇਮ ਜਲਭੈ ਦੇ ਸਿੰਗਲ ਟ੍ਰੈਕ "ਕੌਮ ਦਾ ਮਸੀਹਾ" ਗੀਤ ਦੀ ਸ਼ੂਟਿੰਗ ਮੁਕੰਮਲ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪੰਜਾਬ ਦੇ ਲੋਕਾਂ ਦੀ ਝੋਲੀ ਵਿੱਚ ਅਨੇਕਾਂ ਹੀ ਪੰਜਾਬੀ ਅਤੇ ਧਾਰਮਿਕ ਗੀਤ ਪਾ ਚੁੱਕੀ ਪੰਜਾਬ ਦੀ ਨਾਮਵਰ ਕੰਪਨੀ " ਫੋਕ ਬੁਦਰਜ਼ ਪ੍ਰੋਡੇਕਸ਼ਨ " ਦੇ ਪ੍ਰੋਡਿਓਸਰ ਦੀ ਦੇਖ ਰੇਖ ਹੇਠ ਦੁਆਬੇ ਦੀ ਬੁਲੰਦ ਅਵਾਜ ਦੇ ਮਾਲਕ ਗਾਇਕ ਤਰਸੇਮ ਜਲਭੈ ਦੀ ਸੁਰੀਲੀ ਆਵਾਜ ਵਿੱਚ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੂੰ ਦਰਸਾਉਦਾ ਇੱਕ ਉਦਾਸ ਸਿੰਗਲ ਟ੍ਰੈਕ "ਕੌਮ ਦਾ ਮਸੀਹਾ" ਧਾਰਮਿਕ ਗੀਤ ਦੀ ਸ਼ੂਟਿੰਗ ਡੇਰਾ ਸੱਚਖੰਡ ਬੱਲਾ ਵਿਖੇ ਡੀਉਪੀ ਬੱਧਣ ਫੋਟੋਗ੍ਰਾਫਰ,ਕੈਮਰਾਮੈਨ ਗੋਲਡੀ ਸੰਧੂ ਅਤੇ ਲਾਡੀ ਬੱਧਣ ਵਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਖੂਬਸੂਰਤ ਲੁਕੇਸ਼ਨਾ ਤੇ ਸੂਟ ਕਰਕੇ ਸ਼ੂਟਿੰਗ ਮੁਕੰਮਲ ਕੀਤੀ ਗਈ ! ਇਸ ਮੌਕੇ ਕੰਪਨੀ ਦੇ ਪ੍ਰੋਡਿਓਸਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਧਾਰਮਿਕ ਗੀਤ "ਕੌਮ ਦਾ ਮਸੀਹਾ" ਨੂੰ ਮਿਊਜ਼ਿਕ ਦੀਆ ਮਿੱਠੀਆਂ ਤਰੰਗਾ ਵਿੱਚ ਅਨੇਕਾਂ ਹੀ ਗੀਤਾ,ਸ਼ੋਟ ਮੂਵੀ,ਅਤੇ ਪੰਜਾਬੀ ਫ਼ਿਲਮਾਂ ਵਿੱਚ ਸੰਗੀਤ ਦੇ ਚੁੱਕੇ ਮਿਊਜਿਕ ਡਾਇਰੈਕਟਰ ਸੁਨੀਲ ਬਾਵਾ ਨੇ ਪਰੋਇਆ ਹੈ ! ਇਸ ਗੀਤ ਦੇ ਗੀਤਕਾਰ ਵੀ ਖੁਦ ਤਰਸੇਮ ਜਲਭੈ ਹੀ ਹਨ ਕੌਮ ਦੇ ਮਸੀਹਾ ਗੀਤ ਦੇ ਗਾਇਕ ਤੇ ਗੀਤਕਾਰ ਨੇ ਦੱਸਿਆ ਕਿ ਇਸ ਗੀਤ ਦੀ ਲਾਈਨਾਂ ਵਿਆਨਾਂ ਵਿੱਚ ਹੋਈ ਸੰਤ ਰਾਮਾਨੰਦ ਜੀ ਦੀ ਸ਼ਹੀਦੀ ਨੂੰ ਦਰਸਾਉਂਦੀਆਂ ਹਨ । ਕੰਪਨੀ ਦੇ ਪ੍ਰੋਡਿਓਸਰ ਨੇ ਦੱਸਿਆ ਕਿ ਥੋੜ੍ਹੇ ਸਮੇ ਬਾਅਦ ਹੀ ਗੀਤ "ਕੌਮ ਦਾ ਮਸੀਹਾ" ਸਰੋਤਿਆਂ ਦੀ ਝੋਲੀ ਵਿੱਚ ਹੋਵੇਗਾ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਇਹ ਗੀਤ ਹਰੇਕ ਭਾਰਤ ਵਾਸੀ ਦੀ ਪਸੰਦ ਬਣੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੇਰੇ ਦੇ ਸੇਵਾਦਾਰ ਹਰਦੇਵ,ਹਰਮੇਸ਼,ਧਰਮਾ, ਵਰਿੰਦਰ ਬੱਬੂ ਆਦਿ ਹਾਜ਼ਰ ਸਨ !

**ਫੋਟੋ ਅਜਮੇਰ ਦੀਵਾਨਾ**

# ਬਹੁਜਨ ਸਮਾਜ ਪਾਰਟੀ ਘਟਨਾ ਸਥਾਨ ਪਿੰਡ ਮਰੜੀ ਕਲਾਂ ਵਿਧਾਨ ਸਭਾ ਮਜੀਠਾ ਦੇ ਵਿੱਚ ਪਹੁੰਚੀ ਪੀੜਤਾਂ ਨੂੰ ਮਿਲਣ ਤੋਂ ਬਾਅਦ ਬਸਪਾ ਨੇ ਕੀਤਾ ਐਲਾਨ 22 ਮਈ ਨੂੰ




**ਜਲੰਧਰ (ਚਰਨਜੀਤ ਸੱਲ੍ਹਾਂ )** ਪੰਜਾਬ ਦੇ ਸਾਰੇ ਜਿਲਿਆਂ ਚ ਪੰਜਾਬ ਸੰਭਾਲੋ ਮਹਿਮ ਦੇ ਮਾਧਿਅਮ ਤੋਂ ਮਾਵਾਂ ਦੇ ਪੁੱਤ ਬਚਾਉਣ ਲਈ ਭੈਣਾਂ ਦੇ ਭਰਾ ਬਚਾਉਣ ਲਈ ਧੀਆਂ ਦਾ ਸੁਹਾਗ ਬਚਾਉਣ ਲਈ ਬਹੁਜਨ ਸਮਾਜ ਪਾਰਟੀ ਸੜਕਾਂ ਤੇ ਉਤਰੇਗੀ,ਕਰੁਗੀ ਰੋਸ ਪ੍ਰਦਰਸ਼ਨ ਅਤੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਜਾਣਗੇ ਮੈਮੋਰੰਡਮ ਸ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਇਹ ਐਲਾਨ ਕੀਤਾ ।ਮਜੀਠਾ ਦੇ ਵੱਖ ਵੱਖ ਪਿੰਡਾਂ ਵਿੱਚ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਤੇ ਬਹੁਜਨ ਸਮਾਜ ਪਾਰਟੀ ਪੀੜਿਤ ਪਰਿਵਾਰਾਂ ਦੇ ਦੁੱਖ ਵਿੱਚ ਪੂਰਨ ਤੌਰ ਤੇ ਸ਼ਾਮਿਲ,ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਫਲਾਪ, ਦੋਸ਼ੀਆਂ ਖਿਲਾਫ ਸਖਤ ਕਾਰਵਾਈ ਅਤੇ ਪੀੜਤਾਂ ਨੂੰ ਇੱਕ ਇੱਕ ਕਰੋੜ ਦਾ ਮੁਆਵਜ਼ਾ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸਰਕਾਰੀ ਨੌਕਰੀ ਲਈ ਪ੍ਰਬੰਧ ਕਰੇ ਸਰਕਾਰ ਸ ਅਵਤਾਰ ਸਿੰਘ ਕਰੀਮਪੁਰੀ,ਇਸ ਮੌਕੇ ਤੇ ਚੌਧਰੀ ਗੁਰਨਾਮ ਸਿੰਘ ਸਟੇਟ ਜਨਰਲ ਸੈਕਟਰੀ, ਸ੍ਰੀ ਤਾਰਾ ਚੰਦ ਭਗਤ ਸਟੇਟ ਸੈਕਟਰੀ,ਸੁਰਜੀਤ ਸਿੰਘ ਬਹਿਲ ਸਟੇਟ ਕਮੇਟੀ ਮੈਂਬਰ,ਗੁਰਬਖਸ਼ ਮਹੇ ਇੰਚਾਰਜ ਬਹੁਜਨ ਸਮਾਜ ਪਾਰਟੀ ਅੰਮ੍ਰਿਤਸਰ ਸ਼ਹਿਰੀ, ਦਿਹਾਤੀ ਜਿਲਾ ਪ੍ਰਧਾਨ ਸੁਰਜੀਤ ਸਿੰਘ ਅਬਦਾਲ,ਤਰਨ ਤਰਨ ਜਿਲੇ ਦੇ ਪ੍ਰਧਾਨ ਕੁਲਵਿੰਦਰ ਸਿੰਘ ਸਹੋਤਾ ,ਜੋਗਿੰਦਰ ਪਾਲ ਭਗਤ ਪ੍ਰਧਾਨ ਗੁਰਦਾਸਪੁਰ, ਐਡਵੋਕੇਟ ਠਹੋਰੂ ਰਾਮ ਬੀਐਸਪੀ ਦਾ ਸੀਨੀਅਰ ਲੀਡਰ,ਜਗਦੀਸ਼ ਦੁੱਗਲ ਬਸਪਾ ਸੀਨੀਅਰ ਲੀਡਰ,ਹਰਜੀਤ ਸਿੰਘ ਅਤੇ ਹੋਰ ਬਸਪਾ ਆਗੂ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਹੜ੍ਹ ਰੋਕੂ ਤਿਆਰੀਆਂ ਦਾ ਲਿਆ ਜਾਇਜ਼ਾ

## ਅਧਿਕਾਰੀਆਂ ਨੂੰ ਚੱਲ ਰਹੇ ਕੰਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਦੇ ਨਿਰਦੇਸ਼



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਮੰਗਲਵਾਰ ਨੂੰ ਸਬੰਧਤ ਵਿਭਾਗਾਂ ਨੂੰ ਚੱਲ ਰਹੇ ਹੜ੍ਹ ਰੋਕੂ ਕਾਰਜਾਂ ਨੂੰ ਤੈਅ ਸਮੇਂ ਦੇ ਅੰਦਰ-ਅੰਦਰ ਪੂਰਾ ਕਰਨ ਦੇ ਨਾਲ-ਨਾਲ ਜ਼ਿਲ੍ਹਾ ਅਤੇ ਸਬ ਡਿਵੀਜ਼ਨ ਪੱਧਰ 'ਤੇ ਲੋਕਾਂ ਦੀ ਸਹੂਲਤ ਲਈ ਲੋੜੀਂਦੇ ਸਮੇਂ 'ਤੇ ਕੰਟਰੋਲ ਰੂਮ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਹੜ੍ਹ ਸੁਰੱਖਿਆ ਸੰਬੰਧੀ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਹਿਰਾਂ ਦੀ ਸਫਾਈ ਅਤੇ ਗਾਰ ਕੱਢਣ ਦੇ ਕੰਮ ਨੂੰ ਪੂਰੀ ਤਵੱਜੋਂ ਦਿੰਦਿਆਂ ਲੋੜ ਅਨੁਸਾਰ ਧੁੱਸੀ ਬੰਨ੍ਹ ਨੂੰ ਸਮੇਂ ਸਿਰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਐਸ.ਡੀ.ਐੱਮਜ਼. ਨੂੰ ਹਦਾਇਤ ਕੀਤੀ ਕਿ ਉਹ ਸਮੇਂ ਸਿਰ ਕੰਟਰੋਲ ਰੂਮ ਸਥਾਪਤ ਕਰਨ ਨੂੰ ਯਕੀਨੀ ਬਣਾਉਣ ਤਾਂ ਜੋ ਕਿਸੇ ਵੀ ਹੜ੍ਹ ਵਰਗੀ ਸਥਿਤੀ ਨਾਲ ਸੁਚੱਜੇ ਢੰਗ ਨਾਲ ਨਜਿੱਠਿਆ ਜਾ ਸਕੇ। ਅੰਕੁਰਜੀਤ ਸਿੰਘ ਨੇ ਕਿਹਾ ਕਿ ਹੜ੍ਹ ਰੋਕੂ ਯੋਜਨਾ ਵੀ ਅਗਲੇ ਕੁਝ ਦਿਨਾਂ ਵਿੱਚ ਤਿਆਰ ਕਰ ਲਈ ਜਾਵੇ ਤਾਂ ਜੋ ਇਸਨੂੰ ਆਉਂਦੇ ਦਿਨਾਂ ਵਿਚ ਅਮਲੀ ਜਾਮਾ ਪਹਿਨਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਅਧਿਕਾਰੀ ਲੋੜ ਪੈਣ 'ਤੇ ਦਵਾਈਆਂ ਦੇ ਲੋੜੀਂਦੀ ਮਾਤਰਾ ਵਿਚ ਸਟਾਕ ਅਤੇ ਪਾਣੀ ਦੇ ਕਲੋਰੀਨੇਸ਼ਨ ਦਾ ਅਗਾਊਂ ਪ੍ਰਬੰਧ ਕਰਨਗੇ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਆਉਣ ਅਤੇ ਜ਼ਖਮੀਆਂ ਨੂੰ ਹਸਪਤਾਲਾਂ ਵਿੱਚ ਪਹੁੰਚਾਉਣ ਲਈ ਇੱਕ ਵਿਸਥਾਰਤ ਯੋਜਨਾ ਬਣਾਈ ਜਾਣੀ ਚਾਹੀਦੀ ਹੈ ਜਿੱਥੇ ਸਾਰੀਆਂ ਸਹੂਲਤਾਂ ਉਪਲਬਧ ਹੋਣ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸੜਕਾਂ ਅਤੇ ਪੁਲਾਂ ਸੰਬੰਧੀ ਡਿਪਟੀ ਕਮਿਸ਼ਨਰ ਨੇ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਅਜਿਹੀਆਂ ਸੜਕਾਂ ਅਤੇ ਪੁਲਾਂ ਨੂੰ ਘੱਟੋ-ਘੱਟ ਸਮੇਂ ਵਿੱਚ ਕਾਰਜਸ਼ੀਲ ਕਰਨ ਨੂੰ ਤਰਜੀਹ ਦੇਣ ਤਾਂ ਜੋ ਲੋਕਾਂ ਨੂੰ ਆਵਾਜਾਈ ਲਈ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪਾਵਰਕਾਮ ਦੇ ਅਧਿਕਾਰੀਆਂ ਨੂੰ ਉਕਤ ਇਲਾਕਿਆਂ ਵਿੱਚ ਬਿਜਲੀ ਦੇ ਖੰਭਿਆਂ ਅਤੇ ਤਾਰਾਂ ਦੀ ਮੁਰੰਮਤ ਦਾ ਕੰਮ ਕਰਨ ਲਈ ਕਿਹਾ ਜਦੋਂ ਕਿ ਰੋਡਵੇਜ਼ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ, ਜੇਕਰ ਅਜਿਹੀ ਸਥਿਤੀ ਬਣਦੀ ਹੈ ਤਾਂ, ਵਿੱਚ ਰਾਹਤ ਸਮੱਗਰੀ ਮੁਹੱਈਆ ਕਰਵਾਉਣ ਲਈ ਤਿਆਰ ਰਹਿਣ ਦੀ ਹਦਾਇਤ ਕੀਤੀ। ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ, ਐਸਡੀਐਮ ਅਨਮਜਯੋਤ ਕੌਰ, ਐਸਡੀਐਮ ਇੰਦਰਪਾਲ, ਐਸਡੀਐਮ ਵਿਪਨ ਭੰਡਾਰੀ ਤੋਂ ਇਲਾਵਾ ਸੀਨੀਅਰ ਅਧਿਕਾਰੀ ਮੀਟਿੰਗ ਵਿਚ ਮੌਜੂਦ ਸਨ।

for more news visit:
www.samajweekly.com

# ਨਵਾਂਸ਼ਹਿਰ ਨੂੰ ਡੰਪ ਲਈ ਮਿਲੇਗੀ ਨਵੀਂ ਥਾਂ, ਰੇਲਵੇ ਰੋਡ ਵੀ ਜਲਦ ਬਣੇਗੀ – ਡਾ. ਰਵਜੋਤ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਮੰਗਲਵਾਰ ਨੂੰ ਸ਼ਹਿਰ ਵਿੱਚ ਮੌਜੂਦਾ ਕੂੜੇ ਦੇ ਡੰਪ ਵਾਲੀ ਥਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਖੁੱਲ੍ਹੀ ਅਤੇ ਢੁਕਵੀਂ ਜਗ੍ਹਾ ਦੀ ਸ਼ਨਾਖਤ ਕਰਕੇ ਡੰਪ ਬਣਾਇਆ ਜਾਵੇਗਾ। ਰੇਲਵੇ ਰੋਡ 'ਤੇ ਵਿਛਾਈਆਂ ਜਾ ਰਹੀਆਂ ਪਾਣੀ ਦੀਆਂ ਪਾਈਪ ਲਾਈਨਾਂ ਦੇ ਕੰਮ ਦੀ ਸਮੀਖਿਆ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਸ਼ਹਿਰ ਦੇ ਮੇਨ ਬਾਜ਼ਾਰ ਵਿੱਚ ਰੇਲਵੇ ਰੋਡ ਜਲਦੀ ਹੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸੜਕ ਸੀਮਿੰਟ ਵਾਲੀ ਸੜਕ ਹੋਵੇਗੀ ਜੋ ਵਸਨੀਕਾਂ



ਲਈ ਵੱਡੀ ਸਹੂਲਤ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਪਾਣੀ ਦੀਆਂ ਪਾਈਪਲਾਈਨਾਂ ਦਾ ਕੰਮ ਪੂਰਾ ਹੋਣ ਤੋਂ ਤੁਰੰਤ ਬਾਅਦ ਸੀਮੈਂਟ ਵਾਲੀ ਸੜਕ ਵਿਛਾਉਣ ਦਾ ਕੰਮ ਸ਼ੁਰੂ ਕਰਨ ਲਈ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਦਿੱਤੀਆਂ ਜਾ ਰਹੀਆਂ ਹਨ। ਸੀਵਰੇਜ ਅਤੇ ਐਸ.ਟੀ.ਪੀ. ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੰਦੇ ਹੋਏ, ਡਾ. ਰਵਜੋਤ ਸਿੰਘ ਨੇ ਕਿਹਾ ਕਿ ਪ੍ਰਸਤਾਵਿਤ ਯੋਜਨਾ ਵਿੱਚ ਨਵੇਂ ਖੇਤਰਾਂ ਅਤੇ ਨਵੀਆਂ ਕਲੋਨੀਆਂ ਨੂੰ ਵੀ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲਗਭਗ 48 ਕਰੋੜ ਰੁਪਏ ਦੀ ਲਾਗਤ ਨਾਲ ਇਹ ਸਾਰਾ ਪ੍ਰੋਜੈਕਟ ਮੁਕੰਮਲ ਹੋਵੇਗਾ ਅਤੇ ਪੰਜਾਬ ਸਰਕਾਰ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨਵਾਂ ਸ਼ਹਿਰ ਸ਼ਹਿਰ ਵਾਸੀਆਂ ਲਈ ਬਹੁਤ ਲਾਭਦਾਇਕ ਹੋਵੇਗਾ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਉਪ ਚੇਅਰਮੈਨ ਲਲਿਤ ਮੋਹਨ ਪਾਠਕ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਆਦਿ ਵੀ ਮੌਜੂਦ ਸਨ।

## ਟ੍ਰੈਫਿਕ ਪੁਲਸ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਦੇ ਬੱਚਿਆਂ ਨੂੰ ਨਿਯਮਾਂ ਤੋਂ ਜਾਣੂ ਕਰਵਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਜ਼ਿਲ੍ਹਾ ਟ੍ਰੈਫਿਕ ਪੁਲਿਸ ਸਿੱਖਿਆ ਸੈੱਲ ਵੱਲੋਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜੋਵਾਲ ਵਿੱਚ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ, ਸਾਈਬਰ ਅਪਰਾਧ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਟ੍ਰੈਫਿਕ ਸੈੱਲ ਦੇ ਏਐਸਆਈ ਬਲਵਿੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਨਾਲ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਦੋਪਹੀਆ ਵਾਹਨ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਚਾਰ ਪਹੀਆ ਵਾਹਨ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਸੇ ਬੱਚੇ ਦੇ ਮਾਪਿਆਂ ਨੂੰ ਜੋ ਬਿਨਾਂ ਲਾਇਸੈਂਸ ਦੇ ਵਾਹਨ ਚਲਾਉਂਦਾ ਹੈ ਅਤੇ ਦੁਰਘਟਨਾ ਦਾ ਕਾਰਨ ਬਣਦਾ ਹੈ, ਉਨ੍ਹਾਂ ਨੂੰ ਵੀ ਜੁਰਮਾਨਾ ਜਾਂ ਸਜ਼ਾ ਦਿੱਤੀ ਜਾ ਸਕਦੀ ਹੈ। ਸਾਨੂੰ ਟ੍ਰੈਫਿਕ ਲਾਈਟਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਜੇਕਰ ਤੁਹਾਡੇ ਵਾਹਨ ਦੇ ਕਾਗਜ਼ਾਤ ਪੂਰੇ ਹਨ ਅਤੇ ਤੁਹਾਡੇ ਕੋਲ ਡਰਾਈਵਿੰਗ ਲਾਇਸੈਂਸ ਹੈ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਇਸ ਤੋਂ ਇਲ-ਾਵਾ ਸਾਨੂੰ ਟ੍ਰਿਪਲ ਰਾਈਡਿੰਗ ਨਹੀਂ ਕਰਨੀ ਚਾਹੀਦੀ। ਪ੍ਰੈਸ਼ਰ ਹਾਰਨ ਵਜਾਉਣਾ ਅਤੇ ਪਟਾਕੇ ਚਲਾਉਣਾ ਵੀ ਇੱਕ ਅਪਰਾਧ ਹੈ। ਉਸਨੇ ਦੱਸਿਆ ਕਿ ਅੱਜਕੱਲ੍ਹ ਕੁਝ ਧੋਖੇਬਾਜ਼ ਲੋਕ ਸਾਈਬਰ ਅਪਰਾਧ ਕਰ ਰਹੇ ਹਨ। ਜੇਕਰ ਕੋਈ ਅਣਜਾਣ ਵਿਅਕਤੀ ਤੁਹਾਨੂੰ ਕੋਈ ਲਿੰਕ ਭੇਜਦਾ ਹੈ ਤਾਂ ਤੁਹਾਨੂੰ ਉਸਨੂੰ ਨਹੀਂ ਖੋਲ੍ਹਣਾ ਚਾਹੀਦਾ। ਨਾ ਹੀ ਉਸਨੂੰ ਆਪਣੇ ਬੈਂਕ ਖਾਤੇ ਦੇ ਵੇਰਵੇ ਦੱਸਣੇ ਚਾਹੀਦੇ ਹਨ। ਇਸ ਤੋਂ ਇਲਾਵਾ ਬੱਚਿਆਂ ਨੂੰ ਕਿਸੇ ਵੀ ਅਣਜਾਣ ਵਿਅਕਤੀ ਨਾਲ ਗੱਲ ਕਰਨ ਤੋਂ ਬਚਣਾ ਚਾਹੀਦਾ ਹੈ। ਜੇਕਰ ਕੋਈ ਤੁਹਾਨੂੰ ਪੁਲਿਸ ਵਿਭਾਗ ਦਾ ਅਫਸਰ ਹੋਣ ਦਾ ਦਿਖਾਵਾ ਕਰਕੇ ਫ਼ੋਨ ਕਰਦਾ ਹੈ, ਤਾਂ ਤੁਹਾਨੂੰ ਪਹਿਲਾਂ ਉਸਦੀ ਅਸਲੀਅਤ ਦਾ ਪਤਾ ਲਗਾਉਣਾ ਚਾਹੀਦਾ ਹੈ ਅਤੇ ਬਿਨਾਂ ਸੋਚੇ ਸਮਝੇ ਉਸਦੀਆਂ ਗੱਲਾਂ 'ਤੇ ਵਿਸ਼ਵਾਸ ਨਾ ਕਰੋ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ ਹੈ। ਜੇਕਰ ਤੁਹਾਡੇ ਪਿੰਡ ਵਿੱਚ ਕੋਈ ਵਿਅਕਤੀ ਨਸ਼ੇ ਵੇਚਦਾ ਹੈ ਜਾਂ ਨਸ਼ੇ ਦਾ ਸੇਵਨ ਕਰਦਾ ਹੈ ਤਾਂ ਉਸ ਬਾਰੇ ਜਾਣਕਾਰੀ ਤੁਹਾਡੇ ਪਿੰਡ ਦੇ ਪੰਚਾਇਤ ਮੈਂਬਰਾਂ ਨੂੰ ਅਤੇ ਸ਼ਹਿਰ ਵਿੱਚ ਨਗਰ ਨਿਗਮ ਦੇ ਮੈਂਬਰਾਂ ਜਾਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਸਾਡਾ ਗੁਆਂਢੀ ਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕ ਕੇ ਬਰਬਾਦ ਕਰਨਾ ਚਾਹੁੰਦਾ ਹੈ। ਸਾਨੂੰ ਕਿਸੇ ਵੀ ਹਾਲਤ ਵਿੱਚ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ। ਇਸ ਮੌਕੇ ਏਐਸਆਈ ਮਨੋਹਰ ਚੰਦ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਵੀ ਦਿੱਤੀ।

## ਐਨ.ਡੀ.ਆਰ.ਐਫ ਨੇ ਮੌਕ ਅਭਿਆਸ ਦੇ ਸਬੰਧ 'ਚ ਕਰਵਾਈ ਕੋਆਰਡੀਨੇਸ਼ਨ ਤੇ ਟੇਬਲ ਟਾਪ ਐਕਸਰਾਈਜ਼

### ਬੁੱਧਵਾਰ ਨੂੰ ਨਸਰਾਲਾ ਬੌਟਲਿੰਗ ਪਲਾਂਟ ਵਿਖੇ ਹੋਵੇਗਾ ਮੌਕ ਅਭਿਆਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ) ਵਲੋਂ ਭਲਕੇ ਮਿਤੀ 14 ਮਈ ਦਿਨ ਬੁੱਧਵਾਰ ਨੂੰ ਨਸਰਾਲਾ ਬੌਟਲਿੰਗ ਪਲਾਂਟ ਵਿਖੇ ਕਰਵਾਏ ਜਾਣ ਵਾਲੇ ਮੌਕ ਅਭਿਆਸ ਸਬੰਧੀ ਐਸ.ਡੀ.ਐਮ ਦਫ਼ਤਰ ਹੁਸ਼ਿਆਰਪੁਰ ਵਿਖੇ ਕੋਆਰਡੀਨੇਸ਼ਨ-ਕਮ-ਟੇਬਲ ਟਾਪ ਐਕਸਰਸਾਈਜ਼ ਕਰਵਾਈ ਗਈ ਜਿਸ ਵਿਚ ਐਨ.ਡੀ.ਆਰ.ਐਫ. ਦੇ ਅਧਿਕਾਰੀਆਂ ਤੋਂ ਇਲਾਵਾ ਸਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਸ਼ਾਮਲ ਸਨ। ਐਨ.ਡੀ.ਆਰ.ਐਫ. ਦੀ 07 ਬਟਾਲੀਅਨ ਬਠਿੰਡਾ ਦੇ ਸਹਾਇਕ ਕਮਾਂਡੈਂਟ ਪੰਕਜ ਸ਼ਰਮਾ ਅਤੇ ਇੰਸਪੈਕਟਰ ਨੀਰਜ ਕੁਮਾਰ ਨੇ ਇਸ ਦੌਰਾਨ ਦੱਸਿਆ ਕਿ ਇਹ ਮੌਕ



ਅਭਿਆਸ ਵਿਸ਼ੇਸ਼ ਰੂਪ ਵਿਚ ਉਦਯੋਗਿਕ ਸੁਰੱਖਿਆ ਦੇ ਨਜ਼ਰੀਏ ਤੋਂ ਜਾਗਰੂਕਤਾ ਅਤੇ ਤਾਲਮੇਲ ਨੂੰ ਉਤਸ਼ਾਹਿਤ ਕਰਨ 'ਤੇ ਅਧਾਰਿਤ ਹੈ। ਉਨ੍ਹਾਂ ਦੱਸਿਆ ਕਿ ਇਸ ਉਪਰਾਲੇ ਦਾ ਮੁੱਖ ਉਦੇਸ਼ ਵੱਖ-ਵੱਖ ਸਰਕਾਰੀ ਅਤੇ ਉਦਯੋਗਿਕ ਵਿਭਾਗਾਂ ਦਰਮਿਆਨ ਤਾਲਮੇਲ ਨੂੰ ਮਜ਼ਬੂਤ ਕਰਨਾ, ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਤਿਆਰੀਆਂ ਨੂੰ ਵਧਾਉਣਾ ਅਤੇ ਜਨਤਾ ਨੂੰ ਸੰਭਾਵੀਂ ਖ਼ਤਰਿਆ ਤੋਂ ਜਾਣੂ ਕਰਵਾਉਣਾ ਹੈ। ਉਨ੍ਹਾਂ ਨੇ ਸਾਰੇ ਸਬੰਧਤ ਵਿਭਾਗਾਂ ਨੂੰ ਉਨ੍ਹਾਂ ਵਲੋਂ ਕੀਤੇ ਜਾਣ ਵਾਲੇ ਕਾਰਜਾਂ ਤੋਂ ਜਾਣੂ ਕਰਵਾਉਂਦਿਆਂ ਮੌਕ ਅਭਿਆਸ ਵਿਚ ਮੋਹਰੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਅਤੇ ਭਵਿੱਖ ਵਿਚ ਵੀ ਨਿਯਮਤ ਰੂਪ ਵਿਚ ਇਸ ਤਰ੍ਹਾਂ ਦੇ ਅਭਿਆਸ ਕਰਵਾਉਣ ਦਾ ਸੰਕਲਪ ਲਿਆ। ਉਨ੍ਹਾਂ ਦੱਸਿਆ ਕਿ 14 ਮਈ ਨੂੰ ਨਸਰਾਲਾ ਬੌਟਲਿੰਗ ਪਲਾਂਟ ਵਿਖੇ ਸਵੇਰੇ ਸ਼ਾਮ 3 ਵਜੇ ਦੇ ਕਰੀਬ ਫੀਲਡ ਐਕਸਰਸਾਈਜ਼ (ਮੌਕ ਅਭਿਆਸ) ਕਰਵਾਈ ਜਾਵੇਗੀ। ਇਸ ਮੌਕੇ ਨਾਇਬ ਤਹਿਸੀਲਦਾਰ ਇੰਦਰਬੀਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ, ਏ.ਡੀ.ਐਫ.ਓ ਸ਼ਾਹਬਾਜ਼ ਸਿੰਘ ਬੱਲ, ਖੇਤੀਬਾੜੀ ਅਫ਼ਸਰ ਹੁਸ਼ਿਆਰਪੁਰ ਹਰਮਨਦੀਪ ਸਿੰਘ, ਚੀਫ ਵਾਰਡਨ ਸਿਵਲ ਡਿਫੈਂਸ ਲੋਕੇਸ਼ ਪੁਰੀ, ਸੁਨੀਲ ਕਪੂਰ, ਚੰਦਰ ਪ੍ਰਕਾਸ਼, ਸਿਹਤ ਵਿਭਾਗ ਤੋਂ ਡਾ. ਜਗਦੀਪ ਸਿੰਘ, ਸੁਦੇਸ਼ ਕੁਮਾਰ, ਡਾ. ਅਵਤਾਰ ਸਿੰਘ, ਪਸ਼ੂ ਵਿਭਾਗ ਤੋਂ ਡਾ. ਅਵਤਾਰ ਸਿੰਘ, ਫੂਡ ਸਪਲਾਈ ਅਫ਼ਸਰ ਸੰਜੀਵ ਕੁਮਾਰ, ਐਸ.ਡੀ.ਓ ਜਲ ਸਪਲਾਈ ਰਵਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਦਸਵੀਂ ਕਲਾਸ ਦਾ ਨਤੀਜਾ ਰਿਹਾ ਸੌ ਫੀਸਦੀ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਵੱਲੋਂ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਏਕਮ ਪਬਲਿਕ ਸਕੂਲ ਮਹਿਤਪੁਰ ਦੇ 15 ਵਿਦਿਆਰਥੀਆਂ ਨੇ 90% ਤੋਂ ਉੱਪਰ ਅਤੇ 41 ਵਿਦਿਆਰਥੀਆਂ ਨੇ 80% ਤੋ ਉੱਪਰ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ । ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵੱਲੋਂ ਸਾਂਝੇ ਤੌਰ ਤੇ ਦਿੱਤੀ ਗਈ । ਉਹਨਾਂ ਦੱਸਿਆ ਕਿ ਸਕੂਲ ਦੀ ਬੇਟੀ ਸੁਸ਼ਮੀਤ ਕੌਰ ਨੇ 96.2%,ਸੁਮਿਤ ਅਰੋੜਾ 96.2%, ਗੁਰਪ੍ਰੀਤ ਸਿੰਘ 95.8%,ਹਿਤੇਸ਼ ਰਾਣਾ 95.6%,ਰੁਪਿੰਦਰ ਕੌਰ 94.6%, ਅੰਸ਼ਪ੍ਰੀਤ ਕੌਰ 94.4%,ਜਸਮੀਨ ਕੌਰ 94.0%, ਅਰਸ਼ਦੀਪ ਕੌਰ 93.2%,ਮਿਲਵੀਰ ਕੌਰ 93%, ਮਨਪ੍ਰੀਤ ਕੌਰ 92.2%, ਰਾਜਵਿੰਦਰ ਸਿੰਘ 91.4%,ਜਸਲੀਨ ਕੌਰ 91.2% ਜਸਵਿੰਦਰ ਕੌਰ 90.2%,ਰੁਕਮਨਜੀਤ



ਕੌਰ 90.2% ਅਤੇ ਅਸ਼ਨੀਤ ਕੌਰ ਨੇ 89.6% ਅੰਕ ਪ੍ਰਾਪਤ ਕਰਕੇ ਆਪਣਾ ਨਾਮ ਮੈਰਿਟ ਵਿੱਚ ਦਰਜ ਕਰਵਾਇਆ ।ਉਹਨਾਂ ਅੱਗੇ ਦੱਸਿਆ ਕਿ ਪੰਜਾਬੀ ਵਿਸ਼ੇ ਵਿੱਚ ਛੇ ਬੱਚਿਆਂ, ਜਿਹਨਾਂ ਵਿੱਚ ਗੁਰਪ੍ਰੀਤ ਸਿੰਘ, ਜਸਵਿੰਦਰ ਕੌਰ ,ਸੁਮਿਤ ਅਰੋੜਾ ਅਨੁਰੀਤ ਕੌਰ, ਅਰਸ਼ਦੀਪ ਕੌਰ ਅਤੇ ਅਰਸ਼ਦੀਪ ਕੌਰ ਪੁੱਤਰੀ ਸੁਰਜੀਤ ਸਿੰਘ ਨੇ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਕੀਰਤੀਮਾਨ ਸਥਾਪਿਤ ਕੀਤਾ ਜਦਕਿ 58 ਵਿਦਿਆਰਥੀਆਂ ਨੇ ਪੰਜਾਬੀ ਵਿਸ਼ੇ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸੇ ਇਸੇ ਪ੍ਰਕਾਰ ਕੰਪਿਊਟਰ ਵਿਸ਼ੇ ਵਿੱਚੋਂ ਪੰਜ ਬੱਚਿਆਂ, ਜਿਨਾਂ ਵਿੱਚ ਗੁਰਸਾਜਨ ਸਿੰਘ, ਰੁਪਿੰਦਰ ਕੌਰ,ਸੁਸ਼ਮੀਤ, ਗੁਰਪ੍ਰੀਤ ਸਿੰਘ ਅਤੇ ਮਨਤੇਜ ਸਿੰਘ ਨੇ 100 ਵਿੱਚੋਂ 99 ਅੰਕ ਪ੍ਰਾਪਤ ਕੀਤੇ ਜਦਕਿ 23 ਬੱਚਿਆਂ ਨੇ 90 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਨੇ ਦੱਸਿਆ ਕਿ ਸਮਾਜਿਕ ਸਿੱਖਿਆ ਵਿਸ਼ੇ ਵਿੱਚੋਂ ਰੁਪਿੰਦਰ ਕੌਰ ਨੇ 99 ਅੰਕ ਪ੍ਰਾਪਤ ਕੀਤੇ ਜਦ ਕਿ 16 ਹੋਰ ਵਿਦਿਆਰਥੀਆਂ ਨੇ 90 ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਉਹਨਾਂ ਅੱਗੇ ਦੱਸਿਆ ਕਿ ਇੰਗਲਿਸ਼ ਦੇ ਵਿੱਚੋਂ ਅੰਸ਼ਪ੍ਰੀਤ ਕੌਰ ਨੇ 98 ਅੰਕ ਪ੍ਰਾਪਤ ਕੀਤੇ। ਇਸਦੇ ਨਾਲ ਹੀ 14 ਹੋਰ ਵਿਦਿਆਰਥੀਆਂ ਨੇ 90 ਤੋਂ ਵੱਧ ਅੰਕ ਹਾਸਿਲ ਕੀਤੇ। ਇਸੇ ਪ੍ਰਕਾਰ ਗਣਿਤ ਵਿਸ਼ੇ ਵਿੱਚੋਂ ਸੁਮਿਤ ਅਰੋੜਾ ਨੇ 97 ਅਤੇ 8 ਹੋਰ ਬੱਚਿਆਂ ਨੇ 90 ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸਦੇ ਨਾਲ ਹੀ ਸੁਸ਼ਮੀਤ ਕੌਰ ਨੇ ਸਾਇੰਸ ਵਿਸ਼ੇ ਵਿੱਚੋਂ 97 ਅਤੇ 7 ਹੋਰ ਵਿਦਿਆਰਥੀਆਂ ਨੇ 90 ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ । ਇਸ ਦੇ ਨਾਲ ਹੀ ਉਹਨਾਂ ਆਪਣੇ ਮਿਹਨਤੀ ਤੇ ਤਜਰ-ਬੇਕਾਰ ਅਧਿਆਪਕਾਂ ਦੀ ਸ਼ਲਾਂਘਾ ਕੀਤੀ। ਇਸ ਮੌਕੇ ਸਕੂਲ ਮੈਨੇਜਮੈਂਟ ਤੋਂ ਸਰਦਾਰ ਦਲਜੀਤ ਸਿੰਘ ਵਾਈਸ ਪ੍ਰਿੰਸੀਪਲ ਸਮੀਕਸ਼ਾ ਸ਼ਰਮਾ , ਦਲਜੀਤ ਕੌਰ,ਸਵਪਨਦੀਪ ਕੌਰ, ਚੇਤਨਾ ਰਾਜਦੇਵ ਅਤੇ ਅਧਿਆਪਕਾਂ ਵਿੱਚੋਂ ਦਲਵੀਰ ਕੌਰ, ਦੀਪਤੀ ਕਵਾਤਰਾ ,ਰਣਜੋਤ ਸਿੰਘ, ਚੰਦਨ ਸਿੰਘ ,ਪੂਨਮ ਸ਼ਰਮਾ,ਰੇਖਾ ਸ਼ਰਮਾਂ, ਜਸਪ੍ਰੀਤ ਕੌਰ ਅਤੇ ਤਮੰਨਾ ਹਾਜ਼ਰ ਸਨ।

# ਬੇਗਮਪੁਰਾ ਟਾਈਗਰ ਫੋਰਸ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਭੇਜਿਆ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ

**ਸਿਵਲ ਹਸਪਤਾਲ ਵਿਖੇ ਬੰਦ ਪਏ ਆਕਸੀਜਨ ਜਨਰੇਸ਼ਨ ਪਲਾਂਟਾਂ ਨੂੰ ਅਣਗੌਲਿਆ ਕਰਨ ਵਾਲੇ ਅਧਿਕਾਰੀਆ ਤੇ ਤੁਰੰਤ ਕਾਰਵਾਈ ਕੀਤੀ ਜਾਵੇ : ਬੀਰਪਾਲ, ਹੈਪੀ, ਸਤੀਸ਼**

**ਹੁਸ਼ਿਆਰਪੁਰ (ਤਰਸੇਮ ਦੀਵਾਨਾ)–** ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਵਿੱਚ ਕਰੋੜਾਂ ਰੁਪਏ ਨਾਲ ਬਣੇ ਆਕਸੀਜਨ ਜਨਰੇਸ਼ਨ ਪਲਾਂਟ ਨੂੰ ਤੁਰੰਤ ਚਾਲੂ ਕਰਨ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਇੱਕ ਮੰਗ ਪੱਤਰ ਭੇਜਿਆ ਗਿਆ ਮੰਗ ਪੱਤਰ ਵਿੱਚ ਉਹਨਾਂ ਕਿਹਾ ਕਿ ਅਜੋਕੇ ਸਮੇਂ ਅੰਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅੰਦਰ ਸਿਹਤ ਪ੍ਰਬੰਧ ਰੱਬ ਆਸਰੇ ਹੀ ਚੱਲ ਰਹੇ ਹਨ। ਇਸ ਸਬੰਧੀ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ ਨੇ ਕਿਹਾ ਕਿ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦੋ ਆਕਸੀਜਨ ਜਨਰੇਸ਼ਨ ਪਲਾਂਟ ਕਰੋੜਾਂ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਹੋਏ ਹਨ ਤਾਂ ਜੋ ਹੰਗਾਮੀ ਹਾਲਤ ਵਿੱਚ ਮਰੀਜ਼ਾਂ ਦੀ ਜਾਨ ਬਚਾਉਣ ਲਈ ਤੁਰੰਤ ਜੀਵਨ ਰੱਖਿਆ ਉਪਕਰਨਾਂ ਦੀ ਤੁਰੰਤ ਵਰਤੋਂ ਕੀਤੀ ਜਾ ਸਕੇ। ਇਸ ਮਕਸਦ ਲਈ ਆਕਸੀਜਨ ਪਹੁੰਚਾਉਣ ਲਈ ਸਿਵਲ ਹਸਪਤਾਲ ਦੇ ਸਾਰੇ ਕਮਰਿਆਂ ਵਿੱਚ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਦੀ ਟੀਮ ਵੱਲੋਂ ਇਸ ਆਕਸੀਜਨ ਪਲਾਂਟ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਕੀਤੇ ਦੌਰੇ ਦੌਰਾਨ ਇਹ ਵੇਖਿਆ



ਗਿਆ ਕਿ ਦੋਵੇਂ ਆਕਸੀਜਨ ਜਨਰੇਸ਼ਨ ਪਲਾਂਟਾਂ ਦੀ ਤਾਲਾਬੰਦੀ ਕੀਤੀ ਹੋਈ ਹੈ ਅਤੇ ਇਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਉਹਨਾਂ ਕਿਹਾ ਕਿ ਪੁੱਛ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਇਹ ਦੋਵੇਂ ਆਪ ਜੀ ਪਲਾਂਟ ਬੰਦ ਪਏ ਹੋਏ ਹਨ। ਇਹਨਾਂ ਦਾ ਮਰੀਜ਼ਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ। ਉਨਾਂ ਦੋਸ਼ ਲਗਾਇਆ ਕਿ ਹੰਗਾਮੀ ਹਾਲਤ ਵਿੱਚ ਜੀਵਨ ਰੱਖਿਅਕ ਉਪਕਰਨ ਦੋਵੇਂ ਆਕਸੀਜਨ ਪਲਾਂਟ ਲੰਬੇ ਸਮੇਂ ਤੋਂ ਵਰਤੋਂ ਵਿੱਚ ਨਾ ਹੋਣ ਕਾਰਨ ਇਹ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮੌਜੂਦਾ ਪ੍ਰਸ਼ਾਸਕ ਸੀਨੀਅਰ ਐਸ ਐਮ ਓ ਦੀ ਕੇਵਲ ਕਾਰਜਸ਼ੈਲੀ ਹੀ ਨਹੀਂ, ਸਗੋਂ ਉਹਨਾਂ ਦੀ ਪ੍ਰਸ਼ਾਸਨਿਕ ਯੋਗਤਾ ਉੱਪਰ ਵੀ ਸਵਾਲੀਆ ਚਿੰਨ੍ਹ ਲਗਾ ਰਹੇ ਹਨ। ਉਨਾਂ ਮੰਗ ਕੀਤੀ ਕਿ ਲੰਬੇ ਸਮੇਂ ਤੋਂ ਬੰਦ ਪਏ ਇਹਨਾਂ ਆਕਸੀਜਨ ਪਲਾਂਟਾਂ ਨੂੰ ਸਮੇਂ ਸਿਰ ਠੀਕ ਨਾ ਕਰਾਉਣ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਗੈਰ ਜਿੰਮੇਵਾਰ ਪ੍ਰਸ਼ਾਸਕ ਤੇ ਹੋਰ ਅਧਿਕਾਰੀਆਂ ਨੂੰ ਮੌਜੂਦਾ ਸੀਟ ਤੋਂ ਤੁਰੰਤ ਪ੍ਰਭਾਵ ਨਾਲ ਹਟਾ ਕੇ ਇਹਨਾਂ ਸਭਨਾਂ ਵਿਰੁੱਧ ਸਖਤ ਵਿਭਾਗੀ ਕਾਰਵਾਈ ਅਤੇ ਜੀਵਨ ਰਖਿਅਕ ਕਰਨਾ ਨੂੰ ਠੀਕ ਕਰਾ ਕੇ ਮਰੀਜ਼ਾਂ ਦੀ ਵਰਤੋਂ ਯੋਗ ਵਿੱਚ ਲਿਆਉਣ, ਜੀਵਨ ਰੱਖਿਅਕ ਉਪਕਰਨਾਂ ਦੀ ਚੋਰੀ ਵੱਲ ਲੈ ਜਾਣ ਵਾਲੇ ਹਾਲਾਤਾਂ ਦੀ ਤੁਰੰਤ ਅਤੇ ਪੂਰੀ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਅਤੇ ਅਧਿਕਾਰੀਆਂ ਨੂੰ ਉਹਨਾਂ ਦੀ ਗੰਭੀਰ ਲਾਪਰਵਾਹੀ ਲਈ ਜਿੰਮੇਵਾਰ ਠਹਿਰਾਇਆ ਜਾਵੇ ਅਤੇ ਤੁਰੰਤ ਪ੍ਰਸ਼ਾਸਨ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ, ਸ਼ਨੀ ਸੀਣਾ ਪ੍ਰਧਾਨ ਬਲਾਕ ਚੱਬੇਵਾਲ, ਸਤੀਸ਼ ਕੁਮਾਰ ਸ਼ੇਰਗੜ੍ਹ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ,ਭਿੰਦਾ ਸੀਣਾ,ਸਤੀਸ਼ ਕੁਮਾਰ ਬਸੀ ਬਾਹਦ ਆਦਿ ਹਾਜ਼ਰ ਸਨ !




# ਮਾਂ ਮੇਰੀ ਮਰਜਾਣੀ.........!

ਮਾਂ ਮੇਰੀ ਮਰਜਾਣੀ,ਲੋਕਾਂ ਦੀਆਂ ਨਜ਼ਰਾਂ ਵਿੱਚ, ਤਾਂ ਮਰ ਗਈ ਹੈ।ਪਰ ਮੇਰੇ ਚੇਤਿਆਂ ਵਿੱਚ ਤਾਂ ਜਿਉਂਦੀ, ਮਨ ਵਿੱਚ ਘਰ ਕਰ ਗਈ ਹੈ। ਸੁਪਨੇ ਵਿੱਚ ਮੈਂ ਹਰ ਰੋਜ਼, ਉਸ ਨਾਲ ਗੱਲਾਂ ਕਰਦਾਂ, ਜਦੋਂ ਜਾਗ ਆ ਜਾਂਦੀ, ਫਿਰ ਵੀ ਲੱਗਦਾ, ਕੋਈ ਗੱਲ ਦੱਸਣੀ ਰਹਿ ਗਈ ਹੈ। ਬੇਬੇ ਦੀਆਂ ਪੰਜ ਕੁੜੀਆਂ ਵਿੱਚੋਂ ਦੋ ਮੁੱਕ ਗਈਆਂ, ਬਾਕੀ ਤਿੰਨ ਦਾ, ਖਿਆਲ ਰੱਖਣ ਵਾਸਤੇ, ਕਹਿ ਗਈ ਹੈ। ਬਚਪਨ ਤੋਂ ਅੱਲੜਪੁਣੇ ਤੱਕ, ਜਦੋਂ ਵੀ ਕੋਈ, ਬਿਪਤਾ ਪੈਂਦੀ, ਮੈਂ ਮਾਂ ਨੂੰ ਪੁੱਛਦਾ, ਬੇਬੇ ਆਪਾਂ ਹੁਣ ਕੀ ਕਰਾਂਗੇ। ਉਸ ਦਾ ਹਮੇਸ਼ਾ, ਇਹੀ ਉੱਤਰ ਹੁੰਦਾ, "ਕਿਧਰੇ ਮੌਤ ਨ੍ਹੀਂ ਆਉਂਦੀ", ਉੱਪਰ ਵਾਲਾ, ਸਾਡੇ ਨਾਲ ਹੈ, "ਦਿਲ ਰੱਖਿਆ ਕਰ, ਦੁਬਾਰਾ ਉੱਠ ਖੜਾਂਗੇ"।
ਮਾਂ ਮੇਰੀ ਮਰਜਾਣੀ..........!

ਮਾਂ ਦਾ ਪ੍ਰੇਮ ਤੇ ਸਮਰਪਣ ਦੇਖ, ਵਰਜੀਨੀਆ ਦੀ ਏਨਾ ਨੇ। ਮਾਂ ਦਿਵਸ ਦੀ 1908 ਵਿੱਚ ਸ਼ੁਰੂਆਤ ਕੀਤੀ, ਮੁਹੱਬਤ ਦੀ ਪ੍ਰੇਰਨਾ ਨੇ। ਮਦਰ ਡੇਅ,1911 ਵਿੱਚ ਅਮਰੀਕਾ ਮਨਾਉਣ ਲੱਗਿਆ। ਮਾਂ ਦੇ ਨਿਰਸਵਾਰਥ ਅਤੇ ਬਲੀਦਾਨ ਪ੍ਰਤੀ ਆਭਾਰ ਪ੍ਰਗਟਾਉਣ ਲੱਗਿਆ। ਮਾਵਾਂ ਹੁੰਦੀਆਂ ਮਹਾਨ, ਉਨ੍ਹਾਂ ਦੀਆਂ ਮਿਹਨਤਾਂ, ਕੁਰਬਾਨੀਆਂ ਵੀ, ਬੱਚਿਆਂ ਨੂੰ ਬਣਾਉਂਦੀਆਂ ਮਹਾਨ। ਇਸ ਦੇ ਬਾਵਜੂਦ ਵੀ, ਇਸ ਘਾਲਣਾ ਦਾ, ਕਦੇ ਵੀ ਨ੍ਹੀਂ, ਦਿਖਾਉਂਦੀਆਂ ਅਹਿਸਾਨ।
ਮਾਂ ਮੇਰੀ ਮਰਜਾਣੀ...........!
ਮਾਂ ਦੀ ਮਮਤਾ, ਮਰ ਕੇ ਵੀ, ਨ੍ਹੀਂ ਮੁੱਕਦੀ, ਬਾਰ ਬਾਰ ਫੇਰਾ, ਪਾਉਂਦੀ ਰਹਿੰਦੀ ਹੈ। ਮਾਂ ਮੈਂ ਤੇਰੀ ਰੂਹ ਨੂੰ, ਭਟਕਣ ਨ੍ਹੀਂ ਦੇਣਾ, ਮੇਰੀ ਵੀ, ਭੰਬੀਰੀ ਘੁੰਮਦੀ, ਰਹਿੰਦੀ ਹੈ। ਸਾਂਝਾਂ ਦੇ ਜਾਲ, ਜਿਹੜੇ ਤੂੰ ਬੁਣ ਗਈ ਏਂ। ਉਨ੍ਹਾਂ ਨੂੰ,ਨਿਭਾਉਣ ਲਈ, ਤੂੰ ਕਹਿ ਗਈ ਏਂ। ਤੇਰੇ ਲਾਡ-ਪਿਆਰਾਂ ਦਾ, ਕਰਜ਼, ਮੈਂ ਚੁੱਕਾ ਨ੍ਹੀਂ ਸਕਦਾ। ਮਾਂ ਵਰਗਾ ਘਣਛਾਵਾਂ ਬੂਟਾ, ਇੰਨੀ ਸੰਘਣੀ ਛਾਂ, ਕੋਈ ਦਿਵਾ ਨ੍ਹੀਂ ਸਕਦਾ।
ਮਾਂ ਮੇਰੀ ਮਰਜਾਣੀ...........!





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ ਹਾਲ ਆਬਾਦ # 639/40 ਏ ਚੰਡੀਗੜ੍ਹ। ਫੋਨ ਨੰਬਰ : 9878469639**

## ਅਰਸ਼ ਨੇ ਬਾਰ੍ਹਵੀਂ ਕਲਾਸ ਚੋਂ ਪੂਰੇ ਪੰਜਾਬ ਵਿਚ ਹਾਸਿਲ ਕੀਤਾ ਤੀਸਰਾ ਸਥਾਨ

### ਲਗਨ ਅਤੇ ਮਿਹਨਤ ਨਾਲ ਹਰ ਟੀਚਾ ਹਾਸਲ ਕੀਤਾ ਜਾ ਸਕਦਾ : ਸੰਜੀਵ ਕੁਮਾਰ

**ਭੀਖੀ ( ਕਮਲ ਜਿੰਦਲ )** ਸਥਾਨਿਕ ਸ੍ਰੀ ਤਾਰਾ ਚੰਦ ਵਿੱਦਿਆ ਮੰਦਰ, ਸੀਨੀ.ਸੈਕੰ. ਸਕੂਲ ਭੀਖੀ ਦੀ ਬਾਹਰਵੀਂ ਕਲਾਸ ਦੀ ਵਿਦਿਆਰਥਣ ਅਰਸ਼ ਪੁੱਤਰੀ ਕਰਮਜੀਤ ਸਿੰਘ ਨੇ 500 ਅੰਕਾਂ ਵਿੱਚੋਂ 498 ਅੰਕ ਪ੍ਰਾਪਤ ਕਰਕੇ ਪੂਰੇ ਪੰਜਾਬ ਵਿੱਚੋ ਤੀਸਰਾਂ ਸਥਾਨ ਪ੍ਰਾਪਤ ਕੀਤਾ।ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਦੱਸਿਆ ਕਿ ਇਸ ਬੱਚੀ ਦਾ ਟੀਚਾ ਆਈ.ਏ.ਐਸ. ਅਫਸਰ ਬਣਨ ਦਾ ਹੈ।ਉਨ੍ਹਾਂ ਨੇ ਬੱਚੀ ਦੇ ਮਾਤਾ—ਪਿਤਾ ਨੂੰ ਬੱਚੀ ਦੀ ਵਧੀਆ ਪੁਜੀਸ਼ਨ ਲਈ ਵਧਾਈ ਦਿੱਤੀ। ਸਕੂਲ ਪ੍ਰਧਾਨ ਬ੍ਰਿਜ ਲਾਲ, ਪ੍ਰਬੰਧਕ ਸਤੀਸ਼ ਕੁਮਾਰ, ਵਾਈਸ ਪ੍ਰਧਾਨ ਮਨੋਜ ਕੁਮਾਰ ਅਤੇ ਸਮੂਹ ਕਮੇਟੀ ਮੈਂਬਰਾਂ ਨੇ ਬੱਚੀ ਦੇ ਮਾਤਾ—ਪਿਤਾ, ਪ੍ਰਿੰਸੀਪਲ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।



## ਦੁੱਖੜੇ

ਰੋਜਾਨਾ ਦੀ ਤਰ੍ਹਾਂ ਚੌਂਤਰੇ ਉੱਤੇ ਬੈਠਣ ਵਾਲੇ ਪੰਜ ਛੇ ਕੁ ਜਣੇ ਅਖਬਾਰ ਨਾਲ ਚਿੰਬੜੇ ਹੋਏ ਸਨ। ਡਾਇਰੀ ਵਿੱਚੋਂ ਦੁੱਧ ਲਿਆ ਕੇ ਡੋਲੂ ਨੂੰ ਸਾਂਭਦਾ ਹੋਇਆ ਪ੍ਰੀਤਮ ਸਿਉ ਕਹਿਣ ਲੱਗਾ, ' ਦੇਖ ਕਿਵੇਂ ਚਿਮੜੇ ਹੋਏ ਨੇ ਅਖਬਾਰ ਨੂੰ ਜਿਵੇਂ ਕੋਈ ਖਾਸ ਖਬਰ ਹੁੰਦੀ ਐ' ਪ੍ਰੀਤਮ ਸਿਆਂ ਖਬਰ ਤਾਂ ਖਾਸ ਹੈ ਪਰ ਤੈਨੂੰ ਕਿਵੇਂ ਸਮਝਾਵਾਂ ਤੈਂ ਨਾ ਕਦੇ ਕੁਛ ਖਾਣਾ ਨਾ ਪੀਣਾ, ਇਹ ਕਹਿੰਦਾ ਹੋਇਆ ਦੇਵ ਡਰਾਇਵਰ ਪ੍ਰੀਤਮ ਸਿਉ ਦੇ ਅੱਗੇ ਅਖਬਾਰ ਕਰਦਾ ਹੋਇਆ ਬੋਲਿਆ, 'ਆਹ ਦੇਖ ਲਾ ਜ਼ਹਿਰੀ ਸ਼ਰਾਬ ਦੇ ਨਾਲ 15-20 ਬੰਦੇ ਅੰਬਰਸਰ ਵੱਲ ਮਰਗੇ, ਆਹ ਮੁੱਖ ਮੰਤਰੀ ਬੈਠਾ ਨਾਲੇ 10 ਲੱਖ ਦੇ ਗਿਆ ਨਾਲੇ ਕਹਿੰਦਾ ਨੌਕਰੀ ਦਊਂ। ਉਹ ਭਾਈ ਸ਼ਰਾਬੀਆਂ ਦੇ ਦੁਖੜੇ ਸ਼ਰਾਬੀਆਂ ਨੂੰ ਪਤਾ ਹੁੰਦੇ ਹਨ ਇਹ ਕਹਿ ਕੇ ਦੁੱਧ ਵਾਲਾ ਡੋਲੂ ਚੱਕ ਕੇ ਪ੍ਰੀਤਮ ਸਿਉ ਤੁਰ ਗਿਆ।



**ਬਲਬੀਰ ਸਿੰਘ ਬੱਬੀ**

# 'ਯੁੱਧ ਨਸ਼ਿਆ ਵਿਰੁੱਧ' ਅਤੇ ਅਪਰੇਸ਼ਨ "ਸੰਪਰਕ" ਤਹਿਤ ਕਸਬਾ ਭੀਖੀ ਵਿਖੇ ਕੀਤੀ ਗਈ ਲੋਕ ਮਿਲਣੀ

## ਨਸ਼ੇ ਨੂੰ ਪੰਜਾਬ ਵਿੱਚ ਖਤਮ ਕਰਨ ਲਈ ਆਮ ਲੋਕ ਕਰਨ ਪੁਲਿਸ ਦਾ ਸਹਿਯੋਗ : ਡੀ ਆਈ ਜੀ ਬਠਿੰਡਾ ਰੇਂਜ

**ਭੀਖੀ ( ਕਮਲ ਜਿੰਦਲ )** ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ ਸਖਤ ਨੀਤੀ ਅਪਣਾਈ ਗਈ ਹੈ। ਜਿਸਦੀ ਲੜੀ ਵਿੱਚ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਗੌਰਵ ਯਾਦਵ ਆਈ.ਪੀ.ਐਸ ਜੀ ਦੇ ਅਦੇਸਾਂ ਅਨੁਸਾਰ ਮਾਨਸਾ ਪੁਲਿਸ ਵੱਲੋ ਅਪਰੇਸ਼ਨ"ਸੰਪਰਕ" ਤਹਿਤ ਪੁਲਿਸ ਪ੍ਰਸ਼ਾਸ਼ਨ ਅਤੇ ਆਮ ਪਬਲਿਕ ਦੇ ਸਬੰਧਾ ਵਿੱਚ ਸੁਧਾਰ ਲਿਆਉਣ ਅਤੇ ਵਿਸ਼ਵਾਸ/ਸਹਿਯੋਗ ਵਧਾਉਣ ਲਈ ਲੋਕਾਂ ਤੱਕ ਸਿੱਧੀ ਪਹੁੰਚ ਕਰਕੇ ਮੀਟਿੰਗਾਂ/ਮਿਲਣੀਆਂ ਕਰਨ ਲਈ ਮੁਹਿੰਮ ਚਲਾਈ ਹੋਈ ਹੈ। ਜਿਸਦੇ ਮੱਦੇਨਜ਼ਰ ਅੱਜ ਸ੍ਰੀ ਹਰਜੀਤ ਸਿੰਘ ਆਈ.ਪੀ.ਐਸ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਠਿੰਡਾ ਰੇਂਜ ਜੀ ਦੇ ਵੱਲੋ ਕਸਬਾ ਭੀਖੀ ਵਿੱਚ ਪਬਲਿਕ ਮੀਟਿੰਗ/ਮਿਲਣੀ ਕੀਤੀ ਗਈ। ਇਸ ਮੀਟਿੰਗ/ਮਿਲਣੀ ਦੌਰਾਨ ਐਸ.ਐਸ.ਪੀ. ਮਾਨਸਾ ਖੁਦ ਕਾਲਾ ਰਾਮ ਕਾਂਸ਼ਲ (ਐਸ.ਡੀ.ਐਮ) ਮਾਨਸਾ ਬੂਟਾ ਸਿੰਘ ਉਪ ਕਪਤਾਨ ਪੁਲਿਸ (ਸ.ਡ.) ਮਾਨਸਾ ਅਤੇ ਮੁੱਖ ਅਫਸਰ ਭੀਖੀ ਵੱਲੋਂ ਸਾਝੇ ਤੌਰ ਪਰ ਕਰੀਬ 200 ਵਿਅਕਤੀਆ ਦੇ ਇੱਕਠ ਨੂੰ ਸੰਬੋਧਨ ਕੀਤਾ ਗਿਆ।

ਸੀਨੀਅਰ ਕਪਤਾਨ ਪੁਲਿਸ, ਮਾਨਸਾ ਜੀ ਵੱਲੋਂ ਦੱਸਿਆ ਗਿਆ ਕਿ ਇਸ ਪਬਲਿਕ ਮੀਟਿੰਗ/ਮਿਲਣੀ ਵਿੱਚ ਕਸਬਾ ਭੀਖੀ ਅਤੇ ਇਸਦੇ ਨੇੜਲੇ ਪਿੰਡਾਂ ਦੀਆਂ ਪੰਚਾਇਤਾਂ, ਵਿਲੇਜ ਡਿਫੈਂਸ/ਵਾਰਡ ਕਮੇਟੀ ਮੈਂਬਰਾਂ, ਹੋਰ ਮੋਹਤਵਰ ਪੁਰਸ਼ਾ ਅਤੇ ਕਸਬਾ ਭੀਖੀ ਵਾਸੀਆਂ ਨੇ ਭਾਗ ਲਿਆ। ਇਸ ਸਮਾਗਮ ਦੌਰਾਨ ਆਮ ਪਬਲਿਕ ਨੂੰ ਆਪਣੀ ਦੁਖ-ਤਕਲੀਫਾਂ ਅਤੇ ਸੁਝਾਅ ਪ੍ਰਸ਼ਾਸ਼ਨ ਨਾਲ ਸਾਂਝਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਪੁਲਿਸ ਪ੍ਰਸ਼ਾਸ਼ਨ ਅਤੇ ਆਮ ਪਬਲਿਕ ਦੇ ਸਬੰਧ ਗੂੜੇ ਹੋ ਸਕਣ ਅਤੇ ਸਹਿਯੋਗ ਦੀ ਭਾਵਨਾ ਵਿੱਚ ਵਾਧਾ ਹੋ ਸਕੇ। ਇਸਤੋਂ ਇਲਾਵਾ ਮੀਟਿੰਗ ਵਿੱਚ ਪੁੱਜੇ ਨੋਜਵਾਨਾਂ/ਬੱਚਿਆ ਨੂੰ ਨਸ਼ਿਆ ਤੋ ਦੂਰ ਰਹਿਣ ਦੀ ਅਪੀਲ ਕੀਤੀ ਗਈ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾ ਤੋ ਜਾਣੂ ਕਰਾਇਆ ਗਿਆ ਅਤੇ ਪੁਲਿਸ ਪ੍ਰਸਾਸਨ ਦਾ ਸਾਥ ਦੇਣ ਦੀ ਅਪੀਲ ਕੀਤੀ ਗਈ।ਮਾਨਸਾ ਪੁਲਿਸ ਵੱਲੋ 'ਯੁੱਧ ਨਸ਼ਿਆ ਵਿਰੁੱਧ' ਤਹਿਤ ਹੁਣ ਤੱਕ 260 ਮੁਕਦੁੱਮੇ ਦਰਜ ਕਰਕੇ 385 ਵਿਅਕਤੀਆ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਐਸ.ਐਸ.ਪੀ. ਮਾਨਸਾ ਜੀ ਵੱਲੋਂ ਅਖੀਰ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਪਬਲਿਕ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਦੱਸਿਆਂ ਕਿ ਨਸ਼ਿਆਂ ਦੀ ਰੋਕਥਾਮ ਲਈ ਪੰਜਾਬ ਪੁਲਿਸ ਹਰ ਸਮੇਂ ਵਚਨਬੱਧ ਹੈ ਅਤੇ ਜਿਲ੍ਹਾ ਅੰਦਰ ਕਿਸੇ ਵੀ ਸ਼ਰਾਰਤੀ ਅਤੇ ਮਾੜੇ ਅਨਸਰਾਂ ਨੂੰ ਸਿਰ ਚੁੱਕਣ ਨਹੀ ਦਿੱਤਾ ਜਾਵੇਗਾ, ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ।ਮਾਨਸਾ ਪੁਲਿਸ ਵੱਲੋਂ ਵਿੱਢੀ ਮੁਹਿੰਮ ਨੂੰ ਅੱਗੇ ਲਈ ਵੀ ਇਸੇ ਤਰਾਂ ਹੀ ਜਾਰੀ ਰੱਖਿਆ ਜਾ ਰਿਹਾ ਹੈ। ਇਸ ਮੌਕੇ ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਅੱਕਾਂਵਾਲੀ, ਮਾਰਕੀਟ ਕਮੇਟੀ ਭਿੱਖੀ ਦੇ ਚੇਅਰਮੈਨ ਮਾਸਟਰ ਵਰਿੰਦਰ ਸੋਨੀ, ਚੇਅਰਮੈਨ ਗੁਰਪ੍ਰੀਤ ਸਿੰਘ ਭੁੱਚਰ, ਕੋਂਸਲਰ ਪ੍ਰੇਮ ਕੁਮਾਰ , ਕੌਂਸਲਰ ਰਾਮ ਸਿੰਘ, ਕੁਲਵੰਤ ਸਿੰਘ, ਬਹਾਦਰ ਸਿੰਘ, ਗੁਰਜੰਟ ਸਿੰਘ,ਰਾਜ ਕੁਮਾਰ ਆਦੀ ਹਾਜ਼ਰ ਸਨ।



# ਲਿਬਰੇਸ਼ਨ ਵਲੋਂ ਜਲੰਧਰ ਵਿਖੇ ਜੰਗੀ ਜਨੂੰਨ ਵਿਰੁੱਧ ਸੂਬਾਈ ਕਨਵੈਨਸ਼ਨ 4 ਜੂਨ ਨੂੰ

## ਪਾਰਟੀ ਦੇ ਕੇਂਦਰੀ ਜਨਰਲ ਸਕੱਤਰ ਕਾਮਰੇਡ ਦੀਪਾਂਕਰ ਭੱਟਾਚਾਰੀਆ ਹੋਣਗੇ ਮੁੱਖ ਬੁਲਾਰੇ

**ਮਾਨਸਾ (ਜਸਵੰਤ ਗਿੱਲ ਸਮਾਲ-ਸਰ)** ਸੀਪੀਆਈ (ਐਮ ਐਲ) ਲਿਬਰੇਸ਼ਨ ਨੇ 4 ਜੂਨ ਨੂੰ ਭਾਰਤ ਪਾਕਿਸਤਾਨ ਦਰਮਿਆਨ ਬਣਾਏ ਜਾ ਰਹੇ ਜੰਗ ਦੇ ਮਾਹੌਲ ਖਿਲਾਫ ਜਲੰਧਰ ਵਿਖੇ ਇੱਕ ਸੂਬਾਈ ਕਨਵੈਨਸ਼ਨ ਕਰਨ ਦਾ ਐਲਾਨ ਕੀਤਾ ਹੈ, ਜਿਸ ਨੂੰ ਬੁੱਧੀਜੀਵੀਆਂ ਤੇ ਸੂਬਾ ਆਗੂਆਂ ਤੋਂ ਇਲਾਵਾ ਪਾਰਟੀ ਦੇ ਕੁਲ ਹਿੰਦ ਜਨਰਲ ਸਕੱਤਰ ਕਾਮਰੇਡ ਦੀਪਾਂਕਰ ਭੱਟਾਚਾਰੀਆ ਵੀ ਸੰਬੋਧਨ ਕਰਨਗੇ। ਇਸ ਤੋਂ ਇਲਾਵਾ ਬਰਨਾਲਾ ਵਿਖੇ ਪਾਣੀਆਂ ਦੇ ਵਿਵਾਦ ਬਾਰੇ ਵੀ ਇਕ ਕਨਵੈਨਸ਼ਨ ਕੀਤੀ ਜਾਵੇਗੀ, ਜਿਸ ਦੀ ਤਾਰੀਖ ਦਾ ਐਲਾਨ ਕੁਝ ਦਿਨ ਬਾਅਦ ਕੀਤਾ ਜਾਵੇਗਾ। ਇਹ ਫੈਸਲੇ ਇਥੇ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੀ ਸਟੇਟ ਸਟੈਂਡਿੰਗ ਕਮੇਟੀ ਦੀ ਮੀਟਿੰਗ ਵਲੋਂ ਕੀਤੇ ਗਏ।ਇਸ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਅਤੇ ਪਾਰਟੀ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਦੱਸਿਆ ਕਿ ਬੇਸ਼ੱਕ ਮੋਦੀ ਸਰਕਾਰ ਕਿੰਨੀਂ ਵੀ ਪਰਦਾਪੋਸ਼ੀ ਕਰੇ, ਪਰ ਸੱਚ ਇਹੀ ਹੈ ਕਿ 10 ਮਈ ਨੂੰ ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਅਮਰੀਕੀ ਰਾਸ਼ਟਰਪਤੀ ਟਰੰਪ ਦੇ 'ਹੁਕਮਾਂ ਨਾਲ' ਹੋਈ ਹੈ। ਪਰ ਇਸ ਜੰਗਬੰਦੀ ਦੇ ਬਾਵਜੂਦ ਵੀ ਕੱਟੜਪੰਥੀ ਹਿੰਦੂਤਵੀ ਤਾਕਤਾਂ ਪੂਰੀ ਤਾਕਤ ਨਾਲ ਜਨਤਾ ਵਿੱਚ ਜੰਗੀ ਜਨੂੰਨ ਤੇ ਦੇਸ਼ ਭਰ ਵਿੱਚ ਮੁਸਲਿਮ ਭਾਈਚਾਰੇ ਖ਼ਿਲਾਫ਼ ਫਿਰਕੂ ਨਫ਼ਰਤ ਭੜਕਾਉਣ ਦੀ ਮੁਹਿੰਮ ਬਾਦਸਤੂਰ ਚਲਾ ਰਹੀਆਂ ਹਨ। ਹਾਲਾਂਕਿ 22 ਅਪ੍ਰੈਲ ਤੋਂ ਅੱਜ ਤੱਕ ਕੇਂਦਰ ਸਰਕਾਰ ਦੀਆਂ ਏਜੰਸੀਆਂ 26 ਬੇਕਸੂਰ ਸੈਲਾਨੀਆਂ ਦੀ ਜਾਨ ਲੈਣ ਵਾਲੇ ਦਹਿਸ਼ਤਗਰਦਾਂ ਦੇ ਗਿਰੋਹ ਦਾ ਕੋਈ ਅਤਾ ਪਤਾ ਨਹੀਂ ਲਾ ਸਕੀਆਂ। ਬਿਆਨ ਵਿੱਚ ਮੰਗ ਕੀਤੀ ਗਈ ਹੈ ਕਿ ਸੁਰਖਿਆ ਤੰਤਰ ਦੀ ਇਸ ਘੋਰ ਨਾਕਾਮੀ ਲਈ ਦੇਸ਼ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਜੰਮੂ ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਲਾਜ਼ਮੀ ਹਟਾਇਆ ਜਾਣਾ ਚਾਹੀਦਾ ਹੈ। ਲਿਬਰੇਸ਼ਨ ਦਾ ਕਹਿਣਾ ਹੈ ਕਿ ਫੌਜੀ ਟਕਰਾਅ ਖਤਮ ਹੋਣ ਤੋਂ ਬਾਅਦ ਦੋਵੇਂ ਦੇਸ਼ਾਂ ਨੂੰ ਹਾਲਤ ਨੂੰ ਆਮ ਵਰਗਾ ਕਰਨ ਲਈ ਸਿੱਧੀ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਇਕ ਦੂਜੇ ਖ਼ਿਲਾਫ਼ ਲਾਈਆਂ ਸਾਰੀਆਂ ਪਾਬੰਦੀਆਂ ਖ਼ਤਮ ਕਰਕੇ ਵਾਹਗਾ ਬਾਰਡਰ ਨੂੰ ਆਵਾਜਾਈ ਤੇ ਵਪਾਰ ਲਈ ਮੁੜ ਖੋਹਲਿਆ ਜਾਣਾ ਚਾਹੀਦਾ ਹੈ।

# ਸਾਹਿਤ ਸਮਾਜ

## ਨਾਨੀ ਦੀਆਂ ਬਾਤਾਂ

ਜਦੋਂ ਅਸੀਂ "ਨਾਨੀ ਦੀਆਂ ਬਾਤਾਂ" ਵਰਗੀ ਕਿਤਾਬ ਪੜ੍ਹਦੇ ਹਾਂ, ਤਾਂ ਇਹ ਸਿਰਫ਼ ਇੱਕ ਪਾਠਕ ਅਨੁਭਵ ਨਹੀਂ ਰਹਿੰਦਾ ਸਗੋਂ ਆਤਮਕ ਯਾਤਰਾ ਬਣ ਜਾਂਦਾ ਹੈ। ਇਹ ਯਾਤਰਾ ਸਾਨੂੰ ਸਿਰਫ਼ ਬੀਤੀਆਂ ਯਾਦਾਂ ਵੱਲ ਨਹੀਂ ਲੈ ਜਾਂਦੀ, ਸਗੋਂ ਸਾਡੀ ਅੰਦਰਲੀ ਜੜ੍ਹਾਂ ਨਾਲ ਸਾਂਝ ਪਾਉਂਦੀ ਹੈ। ਹਰਪ੍ਰੀਤ ਕੌਰ ਸੰਧੂ ਦੀ ਲਿਖਤ 'ਨਾਨੀ ਦੀਆਂ ਬਾਤਾਂ' ਵਿਅਕਤੀਗਤ ਯਾਦਾਂ ਦੇ ਰੂਪ ਵਿੱਚ ਜਦੋਂ ਸਾਹਿਤ ਬਣਦੀ ਹੈ, ਤਾਂ ਇਹ ਸਿਰਫ਼ ਲੇਖਕਾ ਦੀ ਆਪਣੀ ਨਾਨੀ ਦੀ ਕਹਾਣੀ ਨਹੀਂ ਰਹਿੰਦੀ, ਸਗੋਂ ਉਹ ਹਰ ਉਸ ਮਨੁੱਖ ਦੀ ਅਕਥ ਕਹਾਣੀ ਬਣ ਜਾਂਦੀ ਹੈ, ਜੋ ਆਪਣੀ ਨਾਨੀ ਦੀ ਉਮਰ ਦੇ ਅਧੀਨ ਜਵਾਨ ਹੋਈ ਨਰਮ ਦਿਲੀ ਨੂੰ ਕਦੇ ਨਾ ਕਦੇ ਮਹਿਸੂਸ ਕਰ ਚੁੱਕਾ ਹੈ।

ਇਸ ਕਿਤਾਬ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਸੱਚਾਈ ਹੈ। ਕਿਤਾਬ ਦੀ ਲਿਖਤ ਵਿੱਚ ਵਿਅਕਤੀਗਤ ਵਿਵਰਣ ਸਿਰਫ਼ ਆਪਣੇ ਲਈ ਨਹੀਂ ਦਿੱਤੇ ਗਏ। ਇਹ ਸਾਡੀਆਂ ਸਭ ਦੀਆਂ ਬਾਤਾਂ ਹਨ ਪਰ ਬਹੁਤੇ ਲੋਕ ਨਿਜ ਦੀ ਜਟਲਤਾ ਵਿੱਚ ਫਸ ਕੇ ਭੁੱਲ ਚੁੱਕੇ ਹਨ। 'ਨਾਨੀ' ਇੱਥੇ ਇੱਕ ਵਿਅਕਤੀ ਨਹੀਂ, ਸੰਕਲਪ ਹੈ, ਆਤਮਾ ਵਿੱਚ ਵਸੇਬਾ ਕਰ ਚੁੱਕੀ ਸਦੀਵੀ ਮੌਜੂਦਗੀ ਹੈ। ਨਾਨੀ ਜੋ ਤਲੀਆਂ ਦੀ ਖੁਸ਼ਬੂ, ਆਵਾਜ਼ ਦੀ ਠੰਢ, ਅਤੇ ਰਸੋਈ ਦੀ ਮਿੱਠੜੀ ਗੰਧ ਨਾਲ ਸਾਰਿਆਂ ਦੇ ਹਿਰਦਿਆਂ ਵਿੱਚ ਵੱਸਦੀ ਹੈ।

ਇਸ ਕਿਤਾਬ ਦੀ ਭਾਸ਼ਾ, ਇਕ ਪਾਸੇ ਜਿੱਥੇ ਸਰਲ ਤੇ ਲੋਕਧਾਰਾ ਦੀ ਆਤਮਕ ਪ੍ਰਤੀਕ ਬਣ ਜਾਂਦੀ ਹੈ।

ਉਹ ਭਾਸ਼ਾ ਜਿਸ ਵਿਚ 'ਨਾਨੀ' ਨੇ ਲੋਰੀ ਗਾਈ, ਉਹ ਭਾਸ਼ਾ ਜਿਸ ਰਾਹੀਂ 'ਅਸੀਸਾਂ' ਮਿਲਦੀਆਂ ਰਹੀਆਂ। ਕਿਤਾਬ ਸਾਨੂੰ ਯਾਦ ਦਿਵਾਉਂਦੀ ਹੈ ਕਿ ਜਦ ਤੱਕ ਭਾਸ਼ਾ ਦੀ ਸੰਵੇਦਨਾ ਨਾਲ ਸਾਂਝ ਬਣੀ ਰਹਿੰਦੀ ਹੈ, ਉਦੋਂ ਤੱਕ ਅਸੀਂ ਮੂਲ ਨਾਲ ਜੁੜੇ ਰਹਿੰਦੇ ਹਾਂ।

ਮੈਂ ਸਮਝਦਾ ਹਾਂ ਕਿ 'ਨਾਨੀ ਦੀਆਂ ਬਾਤਾਂ' ਸਿਰਫ਼ ਯਾਦਗਾਰੀ ਅਨੁਭਵ ਨਹੀਂ, ਸਗੋਂ ਮੂਲ ਨਾਲ ਸੰਵਾਦ ਹੈ। ਉਹ ਸੰਵਾਦ ਜੋ ਦੋ ਪੀੜ੍ਹੀਆਂ ਵਿਚਾਲੇ ਚੱਲ ਰਿਹਾ ਹੈ। ਨਾਨੀ ਦੀਆਂ ਗੱਲਾਂ ਅਤੇ ਨਾਨੀ ਦੇ ਦਿਲਾਸਿਆਂ ਭਰੀਆਂ ਕਹਾਣੀਆਂ ਤੇ ਪਿਆਰ ਲੇਖਕਾ ਨੇ ਨਾ ਸਿਰਫ਼ ਜ਼ਿੰਦਾ ਰੱਖਿਆ, ਸਗੋਂ ਲਿਖਤ ਰੂਪ ਦੇ ਕੇ ਭਵਿੱਖੀ ਪੀੜ੍ਹੀਆਂ ਲਈ ਸੰਭਾਲਿਆ ਹੈ। ਲੇਖਕਾ ਅਸਲ ਵਿੱਚ ਇਕ ਪੁਲ ਬਣ ਜਾਂਦੀ ਹੈ। ਇੱਕ ਪਾਸੇ ਨਾਨੀ ਦੀ ਪੁਰਖੀ ਦੁਨੀਆਂ ਅਤੇ ਦੂਜੇ ਪਾਸੇ ਅੱਜ ਦੀ ਭੌਤਿਕ ਜ਼ਿੰਦਗੀ।

ਇਹ ਕਿਤਾਬ, ਇਕ ਅਣਕਹੀ ਨਾਰੀ ਇਤਿਹਾਸ ਦੀ ਪ੍ਰਤੀਨਿਧੀ ਵੀ ਹੈ। ਘਰੇਲੂ ਕਾਰਜਾਂ ਵਿਚ ਰੁਝੀਆਂ ਰਹਿੰਦੀਆਂ ਔਰਤਾਂ ਦੀਆਂ ਕਹਾਣੀਆਂ, ਉਨ੍ਹਾਂ ਦੀਆਂ ਸਲਾਹਾਂ, ਉਨ੍ਹਾਂ ਦੇ ਰਸੋਈ ਦੱਸੇ ਨਿਯਮ, ਉਨ੍ਹਾਂ ਦੀਆਂ ਦੁਆਵਾ, ਇਹ ਸਭ ਉਨ੍ਹਾਂ ਅਣਲਿਖੀਆਂ ਤਾਕਤਾਂ ਦੇ ਰੂਪ ਹਨ, ਜੋ ਸਮਾਜ ਨੂੰ ਚੁੱਪਚਾਪ ਚਲਾਉਂਦੀਆਂ ਆਈਆਂ ਹਨ।




ਨਾਨੀ ਇੱਥੇ ਵਿਦਵਾਨ ਨਹੀਂ, ਪਰ ਗਿਆਨ ਦਾ ਪੁਰਖੀ ਇਤਿਹਾਸ ਹੈ, ਉਹ ਵਿਅਕਤੀ ਜੋ ਜੀਵਨ ਦੀਆਂ ਸਖ਼ਤ ਸੱਚਾਈਆਂ ਨੂੰ ਮੁਸਕਾਨ ਨਾਲ ਜਿਊਂਦੀ ਰਹੀ।

"ਨਾਨੀ ਦੀਆਂ ਬਾਤਾਂ" ਪੜ੍ਹਦੇ ਸਮੇਂ ਵਿਅਕਤੀ, ਅਤੀਤ ਦੀਆਂ ਯਾਦਾਂ, ਖ਼ਾਸਕਰ ਖੁਸ਼ਨੁਮਾ ਜਾਂ ਦਰਦਨਾਕ ਪਲਾਂ ਨੂੰ ਯਾਦ ਕਰਕੇ ਗਹਿਰੀਆਂ ਭਾਵਨਾਵਾਂ ਅਨੁਭਵ ਕਰਦਾ ਹੈ। ਇਹ ਪਾਠਕ ਨੂੰ ਇਕ ਮੱਤ ਦੇਂਦੀ ਹੈ ਕਿ ਅਸਲੀ ਜ਼ਿੰਦਗੀ ਦੀ ਸ਼ਾਂਤੀ ਸਿਰਫ ਨਵੀਨਤਾ ਤੁਹਾਡੇ ਅਤੀਤ ਤੇ ਤੁਹਾਡੇ ਮੂਲ ਨਾਲ ਵੀ ਜੁੜੀ ਹੋਈ ਹੈ। ਲੇਖਕਾ ਨੇ ਨਾਨੀ ਦੇ ਰੂਪ ਵਿਚ ਇੱਕ ਆਇਡਿਆਲ ਮਨੁੱਖੀ ਸਬੰਧ ਦੀ ਪੇਸ਼ਕਸ਼ ਕੀਤੀ ਹੈ, ਜੋ ਤਕਨੀਕ 'ਤੇ ਅਧਾਰਤ ਉਪਭੋਗਤਾਵਾਦੀ ਦੁਨੀਆਂ ਵਿਚ ਗੁੰਮ ਗਿਆ ਹੈ।

ਇਸ ਕਿਤਾਬ ਨੂੰ ਇੱਕ ਆਮ ਯਾਦਗਾਰੀ ਲਿਖਤ ਨਹੀਂ ਕਿਹਾ ਜਾ ਸਕਦਾ। ਇਹ ਇੱਕ ਆਤਮਕ ਸੰਸਕਾਰ ਦੀ ਕਿਤਾਬ ਹੈ, ਜੋ ਘਰ ਦੇ ਵੇਹੜੇ ਤੋਂ ਲੈ ਕੇ ਦਿਲ ਦੇ ਅੰਦਰਲੇ ਕਮਰੇ ਤੱਕ ਦੀ ਯਾਤਰਾ ਕਰਦੀ ਹੈ। ਇਹ ਇੱਕ ਐਸੀ ਲਿਖਤ ਹੈ ਜੋ ਪੰਜਾਬੀ ਸਾਹਿਤ ਵਿਚ ਇਕ ਸੰਵੇਦਨਸ਼ੀਲ ਮੀਲ ਦਾ ਪੱਥਰ ਹੈ। ਹਰਪ੍ਰੀਤ ਕੌਰ ਸੰਧੂ ਨੇ ਸਾਡੇ ਅੰਦਰ ਉਹਨਾਂ ਅਨਸੁਣੀਆਂ ਗੱਲਾਂ ਨੂੰ ਦੁਬਾਰਾ ਉਚਾਰਨ ਦਾ ਮੌਕਾ ਦਿੱਤਾ ਹੈ, ਜੋ ਕਦੇ ਨਾਨੀਆਂ ਦੀਆਂ ਆਵਾਜ਼ਾਂ ਵਿਚ ਰਲੀਆਂ ਹੋਈਆਂ ਸਨ।

ਇਹ ਪੁਸਤਕ ਪ੍ਰਤੀਕ ਪਬਲੀਕੇਸ਼ਨ ਦੁਆਰਾ ਛਾਪੀ ਗਈ ਹੈ।

ਕੀਮਤ 200/-



**ਮਦਨਦੀਪ ਸਿੰਘ**

# ਰਾਜਸਥਾਨ ਵਿੱਚ ਸਪੈਸ਼ਲ ਸਕੂਲ ਦਾ ਦੌਰਾ








**ਅਲਵਰ।** ਬੁੱਧਵਾਰ, 14 ਮਈ 2025 ਨੂੰ, ਪੰਜਾਬ ਤੋਂ ਆਈ ਟੀਮ ਜਿਸ ਵਿੱਚ ਐਸ ਐਲ ਗਿੰਦਾ, ਚੇਅਰਮੈਨ, ਪ੍ਰਿੰਸੀਪਲ, ਚੰਚਲ ਬੋਧ, ਹੁਸਨ ਲਾਲ ਬੋਧ ਅਤੇ ਜਸਵੰਤ ਰਾਏ ਜਨਰਲ ਸਕੱਤਰ ਸ਼ਾਮਲ ਸਨ, ਨੇ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਪਿੰਡ ਅਤੇ ਤਹਿਸੀਲ ਨੌਗਾਓਂ ਵਿੱਚ 'ਸਿਧਾਰਥ ਇੰਡਸ ਵੈਲੀ ਸਕੂਲ' ਦਾ ਦੌਰਾ ਕੀਤਾ, ਜੋ ਕਿ ਸੁਸਾਇਟੀ ਦੁਆਰਾ ਚਲਾਇਆ ਜਾ ਰਿਹਾ ਹੈ। ਜਿੱਥੇ ਡਾ. (ਪ੍ਰੋ.) ਵਿਜੇ ਪਾਲ ਸਿੰਘ ਸੰਸਥਾਪਕ ਮੈਂਬਰ ਅਤੇ ਡਾ. ਗੁਰਬਖਸ਼ ਸਿੰਘ ਬਾਘਾ ਯੂ.ਐਸ.ਏ. ਦੇ ਨਾਲ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਸੁਭਾਸ਼ ਚੰਦਰ, ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਮੌਜੂਦ ਸਨ ਅਤੇ ਸਕੂਲ ਦੀ ਸੀਬੀਐਸਈ ਨਾਲ ਮਾਨਤਾ ਦੀ ਪ੍ਰਕਿਰਿਆ ਨੂੰ ਵੇਖਿਆ। ਇਸ ਸਕੂਲ ਵਿੱਚ, ਨਿਯਮਤ ਪੜ੍ਹਾਈ ਲਈ ਖਾਸ ਤੌਰ 'ਤੇ ਡਿਜੀਟਲ ਪ੍ਰਣਾਲੀ ਅਪਣਾਈ ਗਈ ਹੈ ਅਤੇ ਪੜ੍ਹਾਈ ਦੇ ਪੈਟਰਨ ਦੇ ਪੂਰੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਸਕੂਲ ਦੇ ਚੰਗੀ ਤਰ੍ਹਾਂ ਰੱਖ-ਰਖਾਅ ਵਾਲੇ ਵਾਹਨ



ਸਕੂਲ ਦੇ ਆਲੇ-ਦੁਆਲੇ ਲਗਭਗ 20 ਕਿਲੋਮੀਟਰ ਦੇ ਘੇਰੇ ਵਿੱਚ ਲਗਭਗ 50 ਪਿੰਡਾਂ ਦੀ ਸੇਵਾ ਕਰਦੇ ਹਨ। ਸਕੂਲ ਸ਼ੁਰੂ ਹੋਣ ਤੋਂ ਲੈ ਕੇ ਲਗਭਗ 4 ਸਾਲਾਂ ਦੇ ਸਮੇਂ ਵਿੱਚ ਲਗਭਗ 650 ਵਿਦਿਆਰਥੀ ਹਨ। ਦਰਅਸਲ, ਇਹ ਸਕੂਲ ਸਮਾਜ ਦੇ ਪਛੜੇ ਵਰਗ ਨੂੰ ਯਕੀਨੀ ਤੌਰ 'ਤੇ ਮਿਆਰੀ ਸਿੱਖਿਆ ਪ੍ਰਦਾਨ ਕਰੇਗਾ।



# ਜੁਗਨੀ ਉਹਦੇ ਮੂੰਹੋਂ ਫੱਬੇ....

ਜਦੋਂ ਵੀ ਪੰਜਾਬੀ ਲੋਕਧਾਰਾ ਦੀ ਗੱਲ ਕੀਤੀ ਜਾਂਦੀ ਹੈ ਤਾਂ ਉੱਥੇ ਗੁਰਮੀਤ ਬਾਵਾ ਦਾ ਨਾਂ ਇਕ ਅਜਿਹੀ ਗਾਇਕਾ ਵਜੋਂ ਲਿਆ ਜਾਂਦਾ ਹੈ, ਜਿਸ ਨੇ ਸੱਭਿਆਚਾਰ ਦੀ ਰੂਹ ਨੂੰ ਆਪਣੇ ਸੁਰਾਂ ਨਾਲ ਸ਼ਿੰਗਾਰਿਆ। ਉਹ ਕੇਵਲ ਇਕ ਗਾਇਕਾ ਹੀ ਨਹੀਂ, ਸਗੋਂ ਪੰਜਾਬੀ ਰੂਹਾਨੀਅਤ ਅਤੇ ਮਿੱਟੀ ਦੀ ਮਹਿਕ ਦਾ ਸਾਂਝਾ ਰੂਪ ਸੀ।

18 ਫਰਵਰੀ 1944 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕੋਠਾ (ਅਲੀਵਾਲ) ਵਿਖੇ ਪਿਤਾ ਸ: ਉੱਤਮ ਸਿੰਘ ਤੇ ਮਾਤਾ ਰਾਮ ਕੌਰ ਦੇ ਘਰ ਗੁਰਮੀਤ ਬਾਵਾ ਨੇ ਜਨਮ ਲਿਆ। ਮਾਂ ਦੇ ਅਕਾਲ ਚਲਾਣੇ ਦੌਰਾਨ ਉਹ ਬਹੁਤ ਛੋਟੀ ਸੀ। ਪਰਿਵਾਰਕ ਸਹਿਯੋਗ, ਖਾਸ ਕਰਕੇ ਵੱਡੀਆਂ ਭੈਣਾਂ ਅਤੇ ਪਿਤਾ

**ਗੁਰਮੀਤ ਬਾਵਾ ਜਦੋਂ ਵੀ ਸਟੇਜ ਤੋਂ ਲੋਕ-ਗੀਤ 'ਜੁਗਨੀ' ਜਾਂ 'ਮਿਰਜਾ' ਗਾਉਂਦੀ ਤਾਂ ਸਮਾਂ ਰੁਕ ਜਿਹਾ ਜਾਂਦਾ ਸੀ। ਰਸ਼ੀਆ ਵਿੱਚ 45 ਸਕਿੰਟ ਦੀ ਲੰਮੀ ਹੇਕ ਲਗਾਕੇ ਉਨ੍ਹਾਂ ਨੇ 1988 'ਚ ਇਕ ਅੰਤਰਰਾਸ਼ਟਰੀ ਰਿਕਾਰਡ ਵੀ ਕਾਇਮ ਕੀਤਾ।**

ਦੀ ਸਾਂਭ-ਸੰਭਾਲ ਨੇ ਉਨ੍ਹਾਂ ਦੇ ਜੀਵਨ ਨੂੰ ਹੌਸਲੇ ਅਤੇ ਸੰਘਰਸ਼ ਨਾਲ ਭਰ ਦਿੱਤਾ। ਦਸਵੀਂ ਤੋਂ ਬਾਅਦ ਜਦੋਂ ਉਨ੍ਹਾਂ ਨੇ ਜੇ.ਬੀ.ਟੀ. ਕਰਕੇ ਅਧਿਆਪਿਕਾ ਵਜੋਂ ਕੰਮ ਕਰਨਾ ਸ਼ੁਰੂ ਕੀਤਾ, ਤਾਂ ਇਹ ਇਲਾਕੇ ਲਈ ਇੱਕ ਨਵਾਂ ਕਦਮ ਸੀ। ਪਰ ਉਨ੍ਹਾਂ ਅੰਦਰਲੀ ਸੁਰੀਲੀ ਆਤਮਾ ਤਾਂ ਪਹਿਲਾਂ ਹੀ ਗਾਇਕੀ ਦੇ ਨਾਲ ਜੁੜੀ ਹੋਈ ਸੀ, ਜਿਸ ਨੇ ਉਨ੍ਹਾਂ ਨੂੰ ਸਿੱਖਿਆ ਤੋਂ ਅੱਗੇ ਵਧ ਕੇ ਲੋਕ-ਗੀਤਾਂ ਦੀ ਦੁਨੀਆ ਵਲ ਖਿੱਚਿਆ।

1968 'ਚ ਉਨ੍ਹਾਂ ਦਾ ਵਿਆਹ ਕਿਰਪਾਲ ਸਿੰਘ ਨਾਲ ਹੋਇਆ,ਜੋਕਿ ਨਿਰੋਲ ਗਾਇਕ ਤੇ ਅਧਿਆਪਕ ਹੋਣ ਦੇ ਨਾਲ-ਨਾਲ ਡੇਰਾ ਬਾਬਾ ਨਾਨਕ ਦੇ ਬੇਦੀ ਪਰਿਵਾਰ ਨਾਲ ਸੰਬੰਧਤ ਸਨ। ਦੋਵਾਂ ਨੇ ਅਧਿਆਪਕੀ ਤਿਆਗ ਕੇ ਗਾਇਕੀ ਨੂੰ ਹੀ ਆਪਣੇ ਜਿਊਣ ਦਾ ਮਕਸਦ ਬਣਾ ਲਿਆ। ਗੁਰਮੀਤ ਬਾਵਾ ਦੀਆਂ ਰਾਗਨੀਆਂ ਵਿਚ ਜੋ ਉਤਸ਼ਾਹ, ਭਾਵਨਾਤਮਕਤਾ ਅਤੇ ਰੂਹਾਨੀਅਤ ਪਹਿਲਾਂ ਸੀ, ਉਹ ਪਤੀ ਕਿਰਪਾਲ ਸਿੰਘ ਦੀ ਸੰਗਤ ਨਾਲ ਹੋਰ ਵੀ ਨਿਖਰ ਕੇ ਸਾਹ-ਮਣੇ ਆਈ।

ਉਨ੍ਹਾਂ ਦਾ ਪਹਿਲਾ ਗੀਤ, "ਮੈਂ ਜੱਟੀ ਪੰਜਾਬ ਦੀ ਮੇਰੀਆਂ ਰੀਸਾਂ ਕੌਣ ਕਰੇ", ਐੱਲ.ਪੀ. ਰਿਕਾਰਡ 'ਤੇ 1968 'ਚ ਰਿਲੀਜ਼ ਹੋਇਆ, ਜਿਸ ਦੀਆਂ 13 ਹਜ਼ਾਰ ਕਾਪੀਆਂ ਵਿਕੀਆਂ। ਇਹ ਇਕ ਰਿਕਾਰਡ ਤੋੜ ਵਿਕਰੀ ਸੀ ਜਿਸ ਨੇ ਉਨ੍ਹਾਂ ਨੂੰ ਘਰ-ਘਰ ਪਹੁੰਚਾ ਦਿੱਤਾ। ਉਨ੍ਹਾਂ ਦੇ ਗੀਤਾਂ ਵਿੱਚ ਅਲਗੋਜ਼ਾ, ਚਿਮਟਾ, ਢੋਲਕੀ, ਘੜਾ ਅਤੇ ਹਰਮੋਨੀਅਮ ਵਰਗੇ ਸਾਜ਼ ਵਰਤੇ ਜਾਂਦੇ ਸਨ, ਜੋ ਗਾਇਕੀ ਨੂੰ ਲੋਕ-ਰੰਗ ਨਾਲ ਹੋਰ ਵੀ ਗੂੜ੍ਹਾ ਜੋੜਦੇ ਸਨ।

ਉਹ 'ਜੁਗਨੀ', 'ਸੁਹਾਗ', 'ਘੋੜੀਆਂ', 'ਸਿਠਣੀਆਂ', ਡੋਲੀ, ਮਾਹੀਆ , ਢੋਲਾ ਆਦਿ ਦੀਆਂ ਵੰਨਗੀਆਂ ਅਤੇ 'ਲੋਕ ਗਾਥਾਵਾਂ' ਗਾਉਣ ਵਿਚ ਮਾਹਿਰ ਸਨ। ਗੁਰਮੀਤ ਬਾਵਾ ਜਦੋਂ ਵੀ ਸਟੇਜ ਤੋਂ ਲੋਕ-ਗੀਤ ' ਜੁਗਨੀ' ਜਾਂ ' ਮਿਰਜਾ' ਗਾਉਂਦੀ ਤਾਂ ਸਮਾਂ ਰੁਕ ਜਿਹਾ ਜਾਂਦਾ ਸੀ। ਮੁੰਬਈ ਵਿੱਚ ਪੰਜਾਬ ਐਸੋਸੀਏਸ਼ਨ ਦੇ ਇਕ ਪ੍ਰੋਗਰਾਮ ਦੌਰਾਨ ਗੁਰਮੀਤ ਬਾਵਾ ਦੀ ਗਾਇਕੀ ਨੂੰ ਪ੍ਰੇਮ ਚੋਪੜਾ, ਰਾਜ ਕਪੂਰ ਅਤੇ ਪ੍ਰਾਣ ਵਰਗੇ ਸਿਤਾਰਿਆਂ ਨੇ ਖੜ੍ਹੇ ਹੋ ਕੇ ਸਿਰਾਹਿਆ। 'ਮੈਂ ਜੱਟੀ ਪੰਜਾਬ ਦੀ' ਗੀਤ ਲਈ ਰਾਜ ਕਪੂਰ ਦੀ ਖਾਸ ਬੇਨਤੀ ਉਨ੍ਹਾਂ ਦੀ ਜ਼ਿੰਦਗੀ ਦਾ ਯਾਦਗਾਰ ਪਲ ਬਣ ਗਈ।

ਉਹਨਾਂ ਨੇ ਭਾਰਤ ਸਰਕਾਰ ਵਲੋਂ ਤਕਰੀਬਨ 25 ਦੇਸ਼ਾਂ ਵਿਚ ਆਪਣੀ ਪੰਜਾਬੀ ਗਾਇਕੀ ਦਾ ਪਰਚਮ ਲਹਿਰਾਇਆ। ਰਸ਼ੀਆ ਵਿੱਚ 45 ਸਕਿੰਟ ਦੀ ਲੰਮੀ ਹੇਕ ਲਗਾਕੇ ਉਨ੍ਹਾਂ ਨੇ 1988 'ਚ ਇਕ ਅੰਤਰਰਾਸ਼ਟਰੀ ਰਿਕਾਰਡ ਵੀ ਕਾਇਮ ਕੀਤਾ।

ਜਦੋਂ ਜਲੰਧਰ ਦੂਰਦਰਸ਼ਨ ਦੀ ਸ਼ੁਰੂਆਤ ਹੋਈ ਤਾਂ ਸਭ ਤੋਂ ਪਹਿਲੀ ਮਹਿਲਾ ਗੀਤ ਗਾਉਣ ਵਾਲੀ ਗੁਰਮੀਤ ਬਾਵਾ ਹੀ ਸਨ। ਦਿੱਲੀ ਦੂਰਦਰਸ਼ਨ ਅਤੇ ਅਕਾਸ਼ਵਾਣੀ ਉੱਤੇ ਵੀ ਉਨ੍ਹਾਂ ਨੂੰ ਹਾਈ 'ਏ' ਗਰੇਡ ਦੀ ਗਾਇਕਾ ਵਜੋਂ ਦਰਜਾ ਮਿਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੀਆ ਪੰਜਾਬੀ ਫ਼ਿਲਮਾਂ ਵਿਚ ਵੀ ਆਪਣੇ ਸਭਿਆਚਾਰਕ ਅਖਾੜੇ ਲਾਏ। ਗੁਰਮੀਤ ਬਾਵਾ ਨੇ ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਬਾਬੂ ਸਿੰਘ ਮਾਨ, ਦੇਵ ਥਰੀਕਿਆਂ ਵਾਲਾ, ਇੰਦਰਜੀਤ ਹਸਨਪੁਰੀ, ਚਮਨ ਲਾਲ ਚਮਨ ਅਤੇ ਸ਼ਮਸ਼ੇਰ ਸੰਧੂ ਵਰਗੇ ਉੱਘੇ ਲੇਖਕਾਂ ਦੀਆਂ ਰਚਨਾਵਾਂ ਨੂੰ ਆਪਣੇ ਅਣਗਣਿਤ ਗੀਤਾਂ ਰਾਹੀਂ ਅਮਰਤਾ ਦੇ ਗਹਿਣੇ ਪਹਿਨਾਏ ਜਿਸ ਨਾਲ ਉਹ ਅੱਜ ਵੀ ਚਮਕ ਰਹੇ ਹਨ।

ਗੁਰਮੀਤ ਬਾਵਾ ਨੇ ਆਪਣੀ 55 ਸਾਲਾਂ ਦੀ ਲੰਬੀ ਅਤੇ ਲੋਕ-ਗੀਤਾਂ ਨੂੰ ਸਮਰਪਿਤ ਕਲਾਤਮਕ ਯਾਤਰਾ ਦੌਰਾਨ ਸੰਗੀਤ ਦੀ ਦੁਨੀਆ ਵਿੱਚ ਉਹ ਮਾਣ ਅਤੇ ਪਛਾਣ ਹਾਸਲ ਕੀਤੀ ਜੋ ਚੰਦ ਕੁ ਨਸੀਬਾਂ ਵਾਲਿਆਂ ਨੂੰ ਮਿਲਦੀ ਹੈ। ਉਨ੍ਹਾਂ ਦੀ ਕਲਾ ਅਤੇ ਉਪਲੱਬਧੀਆਂ ਨੂੰ ਦੇਖਦਿਆਂ ਉਨ੍ਹਾਂ ਨੂੰ ਕਈ ਇਨਾਮਾਂ ਅਤੇ ਸਨਮਾਨਾਂ ਨਾਲ ਨਵਾਜਿਆ ਗਿਆ। 1991 ਵਿੱਚ ਪੰਜਾਬ ਰਾਜ ਪੁਰਸਕਾਰ, 2002 ਵਿੱਚ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਦੇਵੀ ਅਹਿਲਿਆ ਪੁਰਸਕਾਰ, 2008 ਵਿੱਚ ਉਨ੍ਹਾਂ ਨੂੰ 'ਸ਼੍ਰੋਮਣੀ ਗਾਇਕਾ' ਦਾ ਖਿਤਾਬ ਮਿਲਿਆ। ਭਾਰਤ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ 'ਸੰਗੀਤ ਨਾਟਕ ਅਕਾਦਮੀ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਆਪਣੇ ਦੇਸ਼ ਦੇ ਸਨਮਾਨਾਂ ਤੋਂ ਇਲਾਵਾ ਖੂਬਸੂਰਤ ਗਾਇਕੀ ਅਤੇ ਵਿਰਾਸਤੀ ਸੰਗੀਤ ਲਈ ਉਨ੍ਹਾਂ ਨੂੰ 2019 ਵਿੱਚ ਨਿਊਜ਼ੀਲੈਂਡ ਦੀ ਪਾਰਲੀਮੈਂਟ ਵਿੱਚ ਵੀ ਵਿਸ਼ੇਸ਼ ਸਨਮਾਨ ਅਤੇ ਅਮਰੀਕਨ ਬਾਇਓਗ੍ਰਾਫੀ ਇਨ ਨਿਓਯਾਰਕ ਮਿਲੇਨੀਅਮ 2000 ਐਵਾਰਡ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦਾ ਘਰ ਦੇਸ਼-ਵਿਦੇਸ਼ ਤੋਂ ਮਿਲੇ ਕਈ ਸਨਮਾਨਾਂ ਅਤੇ ਯਾਦਗਾਰ ਚਿੰਨ੍ਹਾਂ ਨਾਲ ਸਜਿਆ ਹੋਇਆ ਹੈ। ਉਹਨਾਂ ਦੇ ਮਰਨ ਤੋਂ ਬਾਅਦ ਭਾਰਤ ਸਰਕਾਰ ਨੇ 2022 ਵਿੱਚ 'ਪਦਮ ਭੂਸ਼ਣ' ਵਰਗਾ ਉੱਚ ਮਾਨਤਾ ਵਾਲਾ ਅਵਾਰਡ ਦੇ ਕੇ ਉਨ੍ਹਾਂ ਦੀ ਯਾਦ ਨੂੰ ਅਮਰ ਕਰ ਦਿੱਤਾ।





ਜ਼ਿਕਰਯੋਗ ਹੈ ਕਿ ਗੁਰਮੀਤ ਬਾਵਾ ਦੀ ਸਭਿਆਚਾਰਕ ਲੋਕ-ਗੀਤਾਂ ਦੀ ਗਾਇਕੀ ਉੱਤੇ ਕਈ ਵਿਦਿਆਰਥੀਆਂ ਵਲੋਂ ਐਮ. ਫਿਲ. ਅਤੇ ਪੀ. ਐੱਚ. ਡੀ. ਵੀ ਕੀਤੀ ਗਈ ਹੈ ਤੇ ਇਨ੍ਹਾਂ ਉੱਤੇ ਵੱਖ-ਵੱਖ ਲੇਖਕਾਂ ਵੱਲੋਂ ਪੁਸਤਕਾਂ ਵੀ ਲਿਖੀਆਂ ਗਈਆਂ ਹਨ।

ਸੰਗੀਤਿਕ ਪਰੰਪਰਾ ਨੂੰ ਅੱਗੇ ਵਧਾਉਂਦੀਆਂ ਗੁਰਮੀਤ ਬਾਵਾ ਦੀਆਂ ਦੋਵੇਂ ਧੀਆਂ ਲਾਚੀ ਬਾਵਾ ਤੇ ਗਲੋਰੀ ਬਾਵਾ ਵੀ ਆਪਣੀ ਮਾਂ ਦੀ ਤਰ੍ਹਾਂ ਹੀ ਸੰਗੀਤ ਨਾਲ ਜੁੜੀਆਂ ਅਤੇ ਲੋਕ ਗੀਤਾਂ ਦੀ ਸੇਵਾ ਕਰਦਿਆਂ ਰਹੀਆਂ। ਪਰ ਜ਼ਿੰਦਗੀ ਦੀ ਇਹ ਖੁਸ਼ੀ ਉਸ ਵੇਲੇ ਝੁਰ ਗਈ, ਜਦੋਂ ਇੱਕ ਮਾਂ ਆਪਣੀ ਝੋਲੀ 'ਚੋਂ ਆਪਣੀ ਲਾਡਲੀ ਧੀ ਗੁਆ ਬੈਠੀ। ਲਾਚੀ ਬਾਵਾ ਦੀ ਅਚਾਨਕ ਮੌਤ ਨੇ ਗੁਰਮੀਤ ਬਾਵਾ ਨੂੰ ਅੰਦਰੋਂ ਤੋੜ ਦਿੱਤਾ। ਇਸ ਅਣਸਹਿਣੇ ਦੁੱਖ ਨੇ ਉਨ੍ਹਾਂ ਦੀ ਤਬੀਅਤ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਆਖ਼ਰਕਾਰ 21 ਨਵੰਬਰ 2021 ਨੂੰ 77 ਸਾਲ ਦੀ ਉਮਰ ਵਿੱਚ ਉਹ ਸਦਾ ਲਈ ਇਸ ਸੰਸਾਰ ਤੋਂ ਖਾਮੋਸ਼ ਹੋ ਗਈ। ਉਸ ਤੋਂ ਢਾਈ ਸਾਲ ਬਾਅਦ ਹੀ ਉਨ੍ਹਾਂ ਦੇ ਪਤੀ ਕਿਰਪਾਲ ਸਿੰਘ ਬਾਵਾ ਵੀ ਇਸ ਦੁਨੀਆ ਨੂੰ ਅਲਵਿਦਾ ਆਖ ਗਏ। ਗੁਰਮੀਤ ਬਾਵਾ ਪੰਜਾਬੀ ਗਾਇਕੀ ਦੀ ਉਹ ਅਮਰ ਅਵਾਜ਼ ਰਹੀ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਮਿੱਟੀ ਦੀ ਪਛਾਣ, ਸੱਭਿਆਚਾਰ ਦੀ ਅਹਿਮੀਅਤ ਅਤੇ ਲੋਕਧਾਰਾ ਦੀ ਗੂੰਜ ਵਜੋਂ ਸਦਾ ਪ੍ਰੇਰਿਤ ਕਰਦੀ ਰਹੇਗੀ। ਉਹਨਾਂ ਦੇ ਸੁਰ, ਉਹਨਾਂ ਦੀ ਹੇਕ, ਪੁਰਾਤਨ ਸਾਜ਼ਾਂ ਨਾਲ ਗਾਉਣਾ ਅਤੇ ਉਹਨਾਂ ਦੀ ਭਾਵਨਾਤਮਕ ਅਦਾਇਗੀ ਅੱਜ ਵੀ ਸਾਡੇ ਦਿਲਾਂ ਵਿਚ ਗੂੰਜ ਰਹੀ ਹੈ ਅਤੇ ਹਮੇਸ਼ਾ ਗੂੰਜਦੀ ਰਹੇਗੀ।





**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# “ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਾਂ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ”

**ਬਰੈਂਪਟਨ ( ਰਮਿੰਦਰ ਵਾਲੀਆ )** 11ਮਈ ਦਿਨ ਐਤਵਾਰ ਨੂੰ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ “ ਮਾਂ ਦਿਵਸ “ ਨੂੰ ਸਮਰਪਿਤ ਅੰਤਰਰਾਸ਼ਟਰੀ (ਕਾਵਿ ਮਿਲਣੀ )ਵੈਬੀਨਾਰ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਦੇਸ਼ਾਂ ਪ੍ਰਦੇਸ਼ਾਂ ਵਿਚੋਂ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਾਮੂਲੀਅਤ ਕੀਤੀ । ਰਿੰਟੂ ਭਾਟੀਆ ਨੇ ਹਾਜ਼ਰੀਨ ਮੈਂਬਰਜ਼ ਨੂੰ ਜੀ ਆਇਆ ਕਿਹਾ ਅਤੇ ਪਰੋਗਰਾਮ ਦਾ ਆਗਾਜ਼ ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਅਵਾਜ਼ ਵਿੱਚ ਮਾਂ ਦਿਵਸ ਨੂੰ ਸਮਰਪਿਤ ਮਾਂ ਦੀ ਇੱਕ ਕਵਿਤਾ ਨੂੰ ਸੁਣਾ ਕੇ ਕੀਤਾ ।ਸੰਸਥਾ ਦੀ ਫ਼ਾਊਂਡਰ ਰਮਿੰਦਰ ਰੰਮੀ ਨੇ ਆਏ ਹੋਏ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ ਤੇ ਦੱਸਿਆ ਕਿ 4 ਸਾਲ ਪਹਿਲਾਂ ਮਈ ਵਿੱਚ ਜੱਦ ਪ੍ਰੋਗਰਾਮ ਕਾਵਿ ਮਿਲਣੀ ਸ਼ੁਰੂ ਹੋਏ ਤੇ ਪਹਿਲੇ ਹੋਸਟ ਸੁਰਜੀਤ ਜੀ ਸਨ ਤੇ ਉਹਨਾਂ ਦੇ ਸਹਿਯੋਗ ਨਾਲ ਪ੍ਰੋਗਰਾਮ ਹੋ ਰਹੇ ਹਨ ਤੇ ਹੁਣ ਮਈ ਵਿੱਚ ਵੀ ਉਹੀ ਪ੍ਰੋਗਰਾਮ ਨੂੰ ਹੋਸਟ ਕਰਨਗੇ । ਸੁਰਜੀਤ ਕੌਰ ਜੀ ਬਹੁਤ ਵਧੀਆ ਹੋਸਟ ਹਨ ਤੇ ਬਹੁਤ ਸਹਿਜ ਤੇ ਹਲੀਮੀ ਨਾਲ ਮੀਟਿੰਗ ਦਾ ਸੰਚਾਲਨ ਕਰਦੇ ਹਨ । ਉਹਨਾਂ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ।ਸੁਰਜੀਤ ਕੌਰ ਜੀ ਨੇ ਮਾਂ ਦਿਵਸ ਦੇ ਮਹੱਤਵ ਦੀ ਜਾਣਕਾਰੀ ਵੀ ਦਿੱਤੀ ਤੇ ਵਿੱਚ ਵਿੱਚ ਮਾਂ ਤੇ ਕੁਝ ਰਚਨਾਵਾਂ ਵੀ ਪੇਸ਼ ਕੀਤੀਆਂ । ਮਾਂ ਦਿਵਸ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ :- ਡਾ .ਪੁਸ਼ਵਿੰਦਰ ਕੌਰ ,ਕੁਲਵੰਤ ਕੌਰ ਢਿੱਲੋਂ ,ਰਾਜਬੀਰ ਕੌਰ ਗਰੇਵਾਲ ਮੁੱਖ ਮਹਿਮਾਨ ਸਨ ਅਤੇ ਵਿਸ਼ੇਸ਼ ਮਹਿਮਾਨ :- ਗਿਮੀ ਸ਼ਗੂਫ਼ਤਾ , ਡਾ . ਹਰਪ੍ਰੀਤ ਰੂਬੀ , ਹਰਸਿਮਰਤ ਕੌਰ ਐਡਵੋਕੇਟ , ਪ੍ਰੋ. ਜਸਪਾਲ ਸਿੰਘ , ਹਰਦਿਆਲ ਸਿੰਘ ਝੀਤਾ , ਸੁਰਿੰਦਰ ਸਿੰਘ ਸੂਰ , ਸਤਬੀਰ ਸਿੰਘ ,ਕਾਰਿਆ ਪ੍ਰਭਜੋਤ ਕੌਰ, ਸਿੱਕੀ ਝੱਜੀ ਪਿੰਡ ਵਾਲਾ , ਬਲਜਿੰਦਰ ਕੌਰ , ਨੂਰਦੀਪ ਕੋਮਲ , ਪਰਵਿੰਦਰ ਕੌਰ ਸਾਰੇ ਹੀ ਸਤਿਕਾਰਿਤ ਕਵੀ ਵਿਸ਼ੇਸ਼ ਮਹਿਮਾਨ ਸਨ । ਸਾਰੇ ਹੀ ਸ਼ਾਇਰਾਂ ਦੀਆਂ ਰਚਨਾਵਾਂ ਬਹੁਤ ਉੱਚ ਪਾਏ ਦੀਆਂ ਸਨ ।



ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨਿਆ । ਮੀਤਾ ਖੰਨਾ ਜੀ ਨੇ ਵੀ ਮਾਂ ਦਿਵਸ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਮਾਂ ਤੇ ਲਿਖੀ ਇੱਕ ਬਹੁਤ ਭਾਵਪੂਰਤ ਰਚਨਾ ਸੁਣਾਈ । ਸਿੰਗਰ ਮੰਗਤ ਖਾਨ ਨੇ ਵੀ ਇਕ ਗ਼ਜ਼ਲ ਨੂੰ ਤਰੁਨੰਮ ਵਿਚ ਗਾ ਕੇ ਖ਼ੂਬ ਵਾਹ ਵਾਹ ਲੁੱਟੀ । ਮੁੱਖ ਮਹਿਮਾਨ ਕੁਲਵੰਤ ਕੌਰ ਢਿੱਲੋਂ ਜੀ ਨੇ ਸਾਰੇ ਸ਼ਾਇਰਾਂ ਦੀਆਂ ਰਚਨਾਵਾਂ ਦੇ ਬਾਰੇ ਵਿੱਚ ਆਪਣੇ ਪ੍ਰਭਾਵ ਵੀ ਪੇਸ਼ ਕੀਤੇ ਅਤੇ ਇੱਕ ਰਚਨਾ ਵੀ ਸੁਣਾਈ । ਆਖੀਰ ਵਿੱਚ ਸ .ਪਿਆਰਾ ਸਿੰਘ ਕੁੱਦੋਵਾਲ ਆਪਣੇ ਵਿਲੱਖਣ ਅੰਦਾਜ਼ ਤੇ ਦਮਦਾਰ ਅਵਾਜ਼ ਵਿੱਚ ਪ੍ਰੋਗਰਾਮ ਨੂੰ ਸਮ ਅੱਪ ਕਰਦੇ ਹਨ । ਉਹ ਬਹੁਤ ਸ਼ਿੱਦਤ ਨਾਲ ਸਾਰਾ ਪ੍ਰੋਗਰਾਮ ਸੁਣਦੇ ਹਨ ਅਤੇ ਫਿਰ ਉਹਨਾਂ ਨੇ ਸੱਭ ਦੀਆਂ ਰਚਨਾਵਾਂ ਦੇ ਬਾਰੇ ਆਪਣੇ ਬੇਸ਼ਕੀਮਤੀ ਪ੍ਰਭਾਵ ਪੇਸ਼ ਕੀਤੇ । ਇਸ ਪ੍ਰੋਗਰਾਮ ਵਿੱਚ ਸੰਸਾਰ ਭਰ ਵਿੱਚੋਂ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਮੂਲੀਅਤ ਕੀਤੀ । ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਨਿਕਾਲ ਕੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਮਾਂ ਦਿਵਸ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਮਾਂ ਤੇ ਇੱਕ ਕਵਿਤਾ ਸੁਣਾਈ ਤੇ ਜੂਨ ਵਿੱਚ ਹੋਣ ਵਾਲੀ ਕਾਨਫ਼ਰੰਸ ਸੰਬੰਧੀ ਆਪਣੇ ਵਿਚਾਰ ਵੀ ਸਾਂਝੇ ਕੀਤੇ । ਕਥੂਰੀਆ ਜੀ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਯਤਨਸ਼ੀਲ ਹਨ । ਓਨਟਾਰੀਓ ਫ਼ਰੈਂਡਜ਼ ਕਲੱਬ ਦੇ ਚੇਅਰਮੈਨ ਸ . ਰਵਿੰਦਰ ਸਿੰਘ ਕੰਗ ਨੇ ਵੀ ਇਸ ਜ਼ੂਮ ਮੀਟਿੰਗ ਵਿੱਚ ਸ਼ਿਰਕਤ ਕੀਤੀ ਤੇ ਆਪਣੇ ਵਿਚਾਰ ਸਾਂਝੇ ਕੀਤੇ । ਅੰਤ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਮੁੱਖ ਮਹਿਮਾਨਾਂ, ਵਿਸ਼ੇਸ਼ ਮਹਿਮਾਨਾਂ, ਸਾਰੇ ਕਵੀਆਂ ਅਤੇ ਪ੍ਰੋਗਰਾਮ ਵਿਚ ਸ਼ਾਮਲ ਸਭਨਾਂ ਸ਼ਖ਼ਸੀਅਤਾਂ ਦਾ ਅਤੇ ਸਮੂਹ ਕਮੇਟੀ ਮੈਂਬਰਜ਼ ਦਾ ਸ਼ੁਕਰੀਆ ਅਦਾ ਕੀਤਾ। ਉਹ ਹਮੇਸ਼ਾਂ ਇਹੀ ਕਹਿੰਦੇ ਹਨ ਕਿ :- “ ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ “ ਹਮੇਸ਼ਾਂ ਇਹ ਫ਼ੇਸ ਬੁੱਕ ਲਾਈਵ ਪ੍ਰੋਗਰਾਮ ਹਮੇਸ਼ਾਂ ਹੁੰਦਾ ਹੈ ਤੇ ਯੂ ਟਿਊਬ ਤੇ ਲਿੰਕ ਵੀ ਸ਼ੇਅਰ ਹੁੰਦਾ ਹੈ ਰਿਕਾਰਡਿੰਗ ਦਾ , ਬਹੁਤ ਨਾਮਵਰ ਸ਼ਖ਼ਸੀਅਤਾਂ ਦੇ ਮੈਸੇਜ ਆਏ ਕਿ ਪ੍ਰੋਗਰਾਮ ਦੇਖਕੇ ਬਹੁਤ ਅਨੰਦ ਮਾਣਿਆ ਹੈ । ਚੈਟ ਬਾਕਸ ਵਿਚ ਵੀ 100 ਤੋਂ ਉੱਪਰ ਦੋਸਤਾਂ ਨੇ ਬਹੁਤ ਖ਼ੂਬਸੂਰਤ ਕਮੈਂਟਸ ਕਰਕੇ ਹੌਂਸਲਾ ਅਫ਼ਜ਼ਾਈ ਕੀਤੀ । “ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਵੱਲੋਂ ਮਾਂ ਦਿਵਸ ਨੂੰ ਸਮਰਪਿਤ ਇਹ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ । ਧੰਨਵਾਦ ਸਹਿਤ ।



**ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**

# ਮਾਰਕ ਕਰਨੀ ਦੀ ਅਗਵਾਈ ਚ ਕੈਨੇਡਾ ਦੀ ਨਵੀਂ ਕੈਬਿਨਟ ਦਾ ਗਠਨ

**ਨਵੇਂ ਮੰਤਰੀ ਮੰਡਲ ਚ ਭਾਰਤੀ ਮੂਲ ਦੀ ਅਨੀਤਾ ਆਨੰਦ ,ਮਨਿੰਦਰ ਸਿੱਧੂ ,ਰਣਦੀਪ ਸਰਾਏ ਅਤੇ ਰੂਬੀ ਸਹੋਤਾ ਸ਼ਾਮਿਲ**



**ਵੈਨਕੂਵਰ,ਮਈ (ਮਲਕੀਤ ਸਿੰਘ)**- ਪਿਛਲੇ ਮਹੀਨੇ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਦੌਰਾਨ ਜੇਤੂ ਰਹੀ ਲਿਬਰਲ ਪਾਰਟੀ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਅੱਜ ਰਾਜਧਾਨੀਔਟਵਾ ਚ ਸਥਿਤ ਰੀਡੂ ਹਾਲ ਚ ਅਯੋਜਿਤ ਇੱਕ ਸਮਾਗਮ ਦੌਰਾਨ ਆਪਣੇ ਮੰਤਰੀ ਮੰਡਲ ਦਾ ਵਿਸਥਾਰ ਕਰਦਿਆਂ 29 ਕੈਬਿਨਟ ਮੰਤਰੀਆਂ ਅਤੇ 10 ਰਾਜ ਮੰਤਰੀਆਂ ਨੂੰ ਗਵਰਨਰ ਜਰਨਲ ਮੈਰੀ ਸਾਈਮਨ ਅਤੇ ਹੋਰਨਾਂ ਪ੍ਰਮੁੱਖ ਸ਼ਖਸੀਅਤਾਂ ਦੀ ਹਾਜ਼ਰੀ ਚ ਸਹੁੰ ਚੁਕਾਈ ਗਈ। ਨਵੇਂ ਬਣੇ ਮੰਤਰੀ ਮੰਡਲ ਚ ਕੁਝ ਪੁਰਾਣੇ ਚਿਹਰਿਆਂ ਸਮੇਤ ਕੁਝ ਨਵੇਂ ਚਿਹਰਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਹਨਾਂ ਵਿੱਚ 13 ਮੰਤਰੀ ਪਹਿਲੀ ਵਾਰ ਸੰਸਦ ਦੀਆਂ ਪੌੜੀਆਂ ਚੜਨਗੇ। ਇਹਨਾਂ ਮੰਤਰੀਆਂ ਦੀ ਸੂਚੀ ਚ ਭਾਰਤੀ ਮੂਲ ਨਾਲ ਸੰਬੰਧਿਤ ਅਨੀਤਾ ਆਨੰਦ ਨੂੰ ਵਿਦੇਸ਼ ਵਿਭਾਗ ,ਮਨਿੰਦਰ ਸਿੱਧੂ ਨੂੰ ਕੌਮਾਂਤਰੀ ਵਪਾਰ ਵਿਭਾਗ, ਰਣਦੀਪ ਸਰਾਏ ਅਤੇ ਰੂਬੀ ਸਹੋਤਾ ਨੂੰ ਰਾਜ ਮੰਤਰੀਆਂ ਵਜੋਂ ਜਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਅੱਜ ਦੇ ਸਮਾਗਮ ਦੇ ਅਖੀਰ ਚ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਉਹਨਾਂ ਦੀ ਅਗਵਾਈ ਵਾਲੀ ਫੈਡਰਲ ਸਰਕਾਰ ਕੈਨੇਡਾ ਦੀ ਕੌਮੀ ਏਕਤਾ , ਆਰਥਿਕ ਪੁਨਰ ਨਿਰਮਾਣ ਅਤੇ ਵਿਸ਼ਵ ਪੱਧਰੀ ਪ੍ਰਭਾਵਸ਼ਾਲੀ ਅਗਵਾਈ ਲਈ ਯਤਨਸ਼ੀਲ ਰਹੇਗੀ। ਅਤੇ ਸਰਕਾਰ ਨਵੀਆਂ ਦਿਸ਼ਾਵਾਂ ਚ ਅੱਗੇ ਵਧਦਿਆਂ ਕਨੇਡੀਅਨ ਲੋਕਾਂ ਦੀ ਭਲਾਈ ਸਮੇਤ ਦੇਸ਼ ਦੀ ਖੁਸ਼ਹਾਲੀ ਲਈ ਪੂਰੀ ਤਰਾਂ ਵਚਨਬੱਧ ਰਹੇਗੀ।

# ਨਦੀ ਚ ਡੁੱਬਣ ਕਾਰਨ ਇੱਕ ਹੋਰ ਪੰਜਾਬੀ ਨੌਜਵਾਨ ਦੀ ਮੌਤ

**ਬਠਿੰਡਾ ਜ਼ਿਲੇ ਨਾਲ ਸੰਬੰਧਿਤ ਸੀ ਮਾਪਿਆਂ ਦਾ ਇਕਲੌਤਾ ਪੁੱਤ**



**ਵੈਨਕੂਵਰ, ਮਈ (ਮਲਕੀਤ ਸਿੰਘ)**- ਆਪਣੇ ਭਵਿੱਖ ਲਈ ਸੰਜੋਏ ਸੁਪਨਿਆਂ ਦੀ ਪੂਰਤੀ ਲਈ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਕਨੇਡਾ ਪਹੁੰਚੇ ਨੌਜਵਾਨ ਲੜਕੇ ਲੜਕੀਆਂ ਦੀਆਂ ਆਏ ਦਿਨ ਕਿਸੇ ਨਾ ਕਿਸੇ ਕਾਰਨ ਹੋ ਰਹੀਆਂ ਮੌਤਾਂ ਦਾ ਦੁੱਖਦਾਈ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਹੀਆ ਪਿਛਲੇ ਮਹੀਨੇ ਵਾਪਰੀਆਂ ਅਜਿਹੀਆਂ ਘਟਨਾਵਾਂ ਚ ਜਿੱਥੇ ਕਿ ਤਰਨ ਤਾਰਨ ਜਿਲੇ ਦੀ ਇੱਕ ਨੌਜਵਾਨ ਲੜਕੀ ਦੀ ਗੋਲੀ ਲੱਗਣ ਕਾਰਨ ਹੋਈ ਮੌਤ, ਵੈਨਕੂਵਰ ਨੇੜਲੇ ਰਿੱਕ ਬੀਚ ਤੇ ਇੱਕ ਨੌਜਵਾਨ ਦੇ ਸਮੁੰਦਰ ਚ ਡੁੱਬਣ ਕਾਰਨ ਹੋਈ ਮੌਤ ਮਗਰੋਂ ਸਰੀ ਚ ਕਤਲ ਕੀਤੇ ਗਏ ਮਾਨਸਾ ਜ਼ਿਲ੍ਹੇ ਦੇ ਇੱਕ ਹੋਰ ਨੌਜਵਾਨ ਦੀ ਮੌਤ ਦਾ ਦੁੱਖ ਅਜੇ ਲੋਕਾਂ ਨੂੰ ਭੁੱਲ ਨਹੀਂ ਸੀ ਕਿ ਹੁਣ ਬਰੈਪਟਨ ਦੇ ਕੈਲੀਡਨ ਇਲਾਕੇ ਚ ਇੱਕ ਹੋਰ ਪੰਜਾਬੀ ਨੌਜਵਾਨ ਦੀ ਪੈਸਲੀ ਸੋਗਿਨ ਨਦੀ ਦੇ ਡੂੰਘੇ ਪਾਣੀ ਚ ਡੁੱਬ ਜਾਣ ਕਾਰਨ ਮੌਤ ਹੋਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਵੇਰਵੇਆ ਮੁਤਾਬਕ ਬਠਿੰਡਾ ਜਿਲੇ ਨਾਲ ਸੰਬੰਧਿਤ ਗਗਨਦੀਪ ਸਿੰਘ ਨਾਂ ਦਾ 25 ਸਾਲਾ ਇਹ ਨੌਜਵਾਨ ਤਕਰੀਬਨ ਪੰਜ ਸਾਲ ਪਹਿਲਾਂ ਹੀ ਉਚੇਰੀ ਪੜ੍ਹਾਈ ਕਰਨ ਲਈ ਪੰਜਾਬ ਤੋਂ ਕਨੇਡਾ ਆਇਆ ਸੀ ਅਤੇ ਉਹ ਮਾਪਿਆਂ ਦਾ ਇਕਲੌਤਾ ਪੁੱਤਰ ਦਸਿਆ ਜਾ ਰਿਹਾ ਹੈ।

# ਬੁੱਧ ਬਾਣ: ਜ਼ਹਿਰੀਲੀ ਸ਼ਰਾਬ ਦਾ ਜੁੰਮੇਵਾਰ ਕੌਣ?

ਹਰ ਹਾਦਸੇ ਤੋਂ ਬਾਅਦ ਹੋਰ ਵੱਡਾ ਹਾਦਸਾ ਵਾਪਰ ਜਾਂਦਾ ਹੈ, ਹਰ ਬਾਰ ਕੁੱਝ ਕੁ ਉਤੇ ਨਜਲਾ ਸੁੱਟਿਆ ਜਾਂਦਾ ਹੈ। ਦੋ ਚਾਰ ਅਧਿਕਾਰੀ ਮੁਅੱਤਲ ਕੀਤੇ ਜਾਂਦੇ ਹਨ। ਕੁੱਝ ਕੁ ਨੂੰ ਫ਼ੜ ਲਿਆ ਜਾਂਦਾ ਹੈ। ਜਾਂਚ ਕਮਿਸ਼ਨ ਬਣਾਇਆ ਜਾਂਦਾ ਹੈ। ਮਸਲਾ ਠੰਢੇ ਬਸਤੇ ਵਿੱਚ ਪਾਇਆ ਜਾਂਦਾ ਹੈ। ਕਿਸੇ ਵੀ ਹਾਦਸੇ ਦੀ ਕੋਈ ਜਾਂਚ ਪੜਤਾਲ ਦੀ ਰਿਪੋਰਟ ਸਾਹਮਣੇ ਨਹੀਂ ਆਉਂਦੀ। ਇਹ ਪੜਤਾਲਾਂ ਫਾਈਲਾਂ ਵਿੱਚ ਦਮ ਘੁੱਟ ਕੇ ਮਰ ਜਾਂਦੀਆਂ ਹਨ। ਸਰਕਾਰ ਬਾਂਦਰ ਵਾਂਗ ਟਪੂਸੀਆਂ ਮਾਰਨ ਦੀ ਖੇਡ ਕਰਦੀ ਹੈ। ਸੱਤਾ ਵਿਰੋਧੀ ਸਿਆਸੀ ਪਾਰਟੀਆਂ ਸਰਕਾਰ ਉਤੇ ਦੋਸ਼ ਲਗਾਉਂਦੀਆਂ ਹਨ। ਉਹਨਾਂ ਨੂੰ ਆਪਣੇ ਵੇਲੇ ਕੀਤੀਆਂ ਗਈਆਂ ਜਾਣ ਬੁੱਝ ਕੇ ਗਲਤੀਆਂ ਤੇ ਗੁਨਾਹ ਭੁੱਲ ਜਾਂਦੇ ਹਨ। ਜਿਵੇਂ ਸੁਖਬੀਰ ਬਾਦਲ ਨੂੰ ਭੁੱਲ ਗਏ ਹਨ। ਇਸੇ ਤਰ੍ਹਾਂ ਕਾਂਗਰਸ ਪਾਰਟੀ ਨੂੰ ਸਭ ਕੁੱਝ ਭੁੱਲ ਗਿਆ ਹੈ। ਚਿੜੀਆਂ ਦੀ ਮੌਤ ਗੁਆਰੇ ਦਾ ਹਾਸਾ, ਇਹੋ ਜਿਹਾ ਇਹ ਜਗਤ ਤਮਾਸ਼ਾ। ਲੋਕਾਂ ਦੇ ਘਰ ਸੱਥਰ ਤੇ ਸਿਆਸੀ ਪਾਰਟੀਆਂ ਦੇ ਘਰ ਹਾਸਾ। ਇਹ ਸਿਲਸਿਲਾ ਛੇ ਦਹਾਕਿਆਂ ਤੋਂ ਜਾਰੀ। ਕਦੇ ਵੀ ਅਸਲੀ ਦੋਸ਼ੀ ਨਹੀਂ ਫ਼ੜੇ ਜਾਂਦੇ। ਪੰਜਾਬ ਦੇ ਲੋਕਾਂ ਤੇ ਸਰਕਾਰ ਨੂੰ ਸਭ ਪਤਾ ਹੈ। ਢਕੀ ਰਿਝਦੀ ਹੈ। ਲੋਕ ਧਰਨੇ ਮੁਜ਼ਾਹਰੇ ਕਰਦੇ ਹਨ। ਸਰਕਾਰ ਉਹਨਾਂ ਨੂੰ ਦਬਾਉਣ ਲਈ ਪੁਲਿਸ ਦੀ ਦੁਰਵਰਤੋ ਕਰਦੀ ਹੈ। ਪੰਜਾਬ ਦੇਸ਼ ਵਿੱਚ ਦੂਜੇ ਸਥਾਨ ਤੇ ਪਹੁੰਚ ਗਿਆ, ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮਰਨ ਵਾਲਿਆਂ ਵਿਚ। ਹੁਣ ਤੱਕ ਦੇ ਅੰਕੜੇ ਇਸ ਖ਼ਬਰ ਵਿੱਚ ਪੜ੍ਹ ਸਕਦੇ ਓ! ਲੋਕਾਂ ਨੂੰ ਭਾਣਾ ਮੰਨਣ ਲਈ ਮਜਬੂਰ ਕੀਤਾ ਜਾਂਦਾ ਹੈ। ਪੰਜਾਬ ਦੇ ਨੌਕਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਲਈ ਕਿਸੇ ਹਾਦਸੇ ਵਿੱਚ ਮਰਨਾ ਪੈਂਦਾ ਹੈ। ਇਹ ਹੈ ਵਿਕਾਸ ਦੀ ਪ੍ਰਾਪਤੀ। ਯੁੱਧ ਨਸ਼ਿਆਂ ਵਿਰੁੱਧ ਹੋਇਆ ਠੁੱਸ। ਸਰਕਾਰ ਵੱਲੋਂ ਇਸ਼ਤਿਹਾਰ ਜਾਰੀ ਕਰਕੇ ਦੱਸਿਆ ਗਿਆ ਹੈ ਕਿ ਨਸ਼ਿਆਂ ਦੇ ਵਿਰੁੱਧ ਮੁਹਿੰਮ ਵਿੱਚ ਐਨੇ ਨਸ਼ੀਲੇ ਪਦਾਰਥ ਤੇ ਨਸ਼ਾ ਵਪਾਰੀ ਫ਼ੜੇ ਗਏ ਹਨ। ਆਮ ਲੋਕਾਂ ਦੇ ਘਰਾਂ ਉਪਰ ਬੁਲਡੋਜ਼ਰਾਂ ਨਾਲ ਸਫ਼ਾਈ ਮੁਹਿੰਮ ਤਹਿਤ ਡਰਾਮਾ ਕੀਤਾ ਜਾ ਰਿਹਾ ਹੈ। ਧਨਾਢ ਤੇ ਸਿਆਸੀ ਪਾਰਟੀਆਂ, ਪੁਲਿਸ ਪ੍ਰਸ਼ਾਸਨ ਦੀ ਸਹਾਇਤਾ ਤੋਂ ਬਗ਼ੈਰ ਪੱਤਾ ਨਹੀਂ ਹਿੱਲਦਾ। ਕੀ ਮਜੀਠਾ ਇਲਾਕੇ ਦੇ ਪੁਲਿਸ ਪ੍ਰਸ਼ਾਸਨ, ਐਮ ਐਲ ਏ, ਮੰਤਰੀ ਤੇ ਐਮ ਪੀ ਨੂੰ ਪਤਾ ਨਹੀਂ ਸੀ ਕਿ ਇਹ ਕੌਣ ਕਾਰੋਬਾਰ ਕਰ ਰਿਹਾ ਹੈ? ਸਭ ਨੂੰ ਪਤਾ ਸੀ, ਮਾਇਆ ਨਾਗਨੀ ਨੇ ਉਹਨਾਂ ਨੂੰ ਅੰਨ੍ਹੇ ਤੇ ਬੋਲੇ ਕਰ ਦਿੱਤਾ ਹੈ। ਉਹਨਾਂ ਨੂੰ ਨਾ ਦਿਖਦਾ ਹੈ ਤੇ ਨਾ ਹੀ ਸੁਣਦਾ ਹੈ। ਉਹਨਾਂ ਨੂੰ ਤਾਂ ਮਰਨ ਵਾਲਿਆਂ ਦੇ ਪਰਵਾਰਾਂ ਦੀਆਂ ਚੀਕਾਂ ਵੀ ਨਹੀਂ ਸੁਣਦੀਆਂ। ਉਹਨਾਂ ਨੂੰ ਹੋਰ ਕੀ ਸੁਣਾਈ ਦੇਣਾ ਹੈ। ਹਰ ਹਾਦਸੇ ਵਿੱਚ ਸਮੇਂ ਦੀਆਂ ਸਰਕਾਰਾਂ ਦੇ ਭਾਈਚਾਰੇ ਦਾ ਨਾਮ ਬੋਲਦਾ ਹੈ। ਮੀਡੀਆ ਵਿੱਚ ਉਹਨਾਂ ਦੀ ਚਰਚਾ ਹੁੰਦੀ ਹੈ। ਪਰ ਕਿਸੇ ਸਿਆਸੀ ਪਾਰਟੀ ਦੇ ਆਗੂ, ਕਿਸੇ ਮੰਤਰੀ ਨੂੰ ਕਦੇ ਸਜ਼ਾ ਨਹੀਂ ਹੋਈ। ਸਾਨੂੰ ਪਾਠ ਪੜ੍ਹਾਇਆ ਜਾਂਦਾ ਹੈ, ਉਪਰ ਵਾਲਾ ਸਭ ਦੇਖਦਾ ਹੈ। ਉਹ ਹੀ ਹਿਸਾਬ ਕਿਤਾਬ ਕਰੇਗਾ। ਉਪਰ ਵਾਲੇ ਨੂੰ ਇਹ ਪਹਿਲਾਂ ਕਿਉਂ ਨਹੀਂ ਦਿਖਦਾ? ਉਹ ਵੀ ਸਰਮਾਏਦਾਰੀ ਦਾ ਗੁਲਾਮ ਬਣ ਕੇ ਰਹਿ ਗਿਆ ਹੈ। ਕਾਰਨਾਂ ਨੂੰ ਸਮਝਣ ਦੀ ਵਜਾਏ ਉਹਨਾਂ ਉਪਰ ਪਰਦੇ ਪਾਉਣ ਦੀ ਖੇਡ ਹਰ ਹਾਦਸੇ ਮੌਕੇ ਖੇਡੀ ਜਾਂਦੀ ਹੈ ਤੇ ਉਦੋਂ ਤੱਕ ਖੇਡੀ ਜਾਂਦੀ ਰਹੇਗੀ ਜਦੋਂ ਤੱਕ ਲੋਕ ਖ਼ੁਦ ਇਨਸਾਫ਼ ਨਹੀਂ ਕਰਦੇ। ਲੋਕਾਂ ਨੂੰ ਖ਼ੁਦ ਜਾਗਣ ਦੀ ਲੋੜ ਹੈ, ਉਠਣ ਦੀ ਲੋੜ ਹੈ। ਵਪਾਰੀਆਂ, ਅਧਿਕਾਰੀਆਂ, ਪੁਜਾਰੀਆਂ ਤੇ ਲਿਖਾਰੀਆਂ ਨੇ ਉਹਨਾਂ ਦੀ ਬਾਂਹ ਨਹੀਂ ਫੜੀ। ਸਗੋਂ ਲੋਕਾਂ ਨੂੰ ਖ਼ੁਦ ਉਹਨਾਂ ਨਾਗਾਂ ਦੀ ਧੌਣ ਮਰੋੜ ਨੀ ਪੈਣੀਂ ਹੈ। ਜਿਹੜੇ ਇਹ ਜ਼ਹਿਰ ਵੇਚ ਰਹੇ ਹਨ। ਇਸ ਘਟਨਾ ਦੇ ਜੁੰਮੇਵਾਰ ਉਹ ਲੋਕ ਹਨ ਜੋਂ ਧਰਮਾਂ ਤੇ ਸਿਆਸੀ ਪਾਰਟੀਆਂ ਦੇ ਸੀਰੀ ਬਣੇ ਹੋਏ ਹਨ। ਸਰਕਾਰ, ਪੁਲਿਸ ਅਧਿਕਾਰੀਆਂ ਤੇ ਨਸ਼ੇ ਦੇ ਵਪਾਰੀਆਂ ਦਾ ਕੋਈ ਦੋਸ਼ ਨਹੀਂ। ਇਹਨਾਂ ਹਾਦਸਿਆਂ ਦੇ ਜੁੰਮੇਵਾਰ ਲੋਕ ਹਨ। ਜਿਹੜੇ ਗਾਂਧੀ ਦੇ ਤਿੰਨ ਬਾਂਦਰ ਬਣੇ ਹੋਏ ਹਨ।





**ਬੁੱਧ ਸਿੰਘ ਨੀਲੋਂ**
**9464370823**

# ਮਾਂ ਦੀ ਮਹਾਨਤਾ (ਕਹਾਣੀ)

ਅੱਜ ਸ਼ਨੀਵਾਰ ਸੀ। ਸਰਕਾਰੀ ਹਾਈ ਸਕੂਲ, ਨਥਾਣਾ ਦੀ ਸਵੇਰ ਦੀ ਸਭਾ ਲੱਗੀ ਹੋਈ ਸੀ। ਸਕੂਲ ਦੀਆਂ ਵਿਦਿਆਰਥਣਾਂ ਨੇ ਬੈਂਡ ਦੀ ਧੁਨ 'ਤੇ ਰਾਸ਼ਟਰੀ ਗਾਣ ਗਾਇਆ। ਫ਼ਿਰ "ਜੋ ਮਾਂਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ" ਸ਼ਬਦ ਨੂੰ ਸਾਰੀਆਂ ਕੁੜੀਆਂ ਨੇ ਬੜੀ ਰੀਝ ਨਾਲ਼ ਗਾਇਆ। ਨੌਵੀਂ ਜਮਾਤ ਵਿੱਚ ਪੜ੍ਹਦੀ ਹੁਸਨਦੀਪ ਕੌਰ ਨੇ ਪ੍ਰੋ. ਮੋਹਨ ਸਿੰਘ ਦੀ ਲਿਖੀ ਕਵਿਤਾ "ਮਾਂ ਜਿਹਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ" ਉੱਚੀ ਸੁਰ ਅਤੇ ਸੁਰੀਲੀ ਅਵਾਜ਼ ਵਿੱਚ ਅਜਿਹਾ ਗਾਇਆ, ਜਿਵੇਂ ਸਮਾਂ ਹੀ ਬੰਨ੍ਹ ਕੇ ਰੱਖ ਦਿੱਤਾ ਹੋਵੇ। ਇਸ ਉਪਰੰਤ ਹੈੱਡਮਾਸਟਰ ਧਰਮਪਾਲ ਨੇ ਮਨਾਏ ਜਾ ਰਹੇ ਅੰਤਰਰਾਸ਼ਟਰੀ ਮਾਂ ਦਿਵਸ ਦੇ ਸੰਬੰਧ ਵਿੱਚ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ- "ਪਿਆਰੇ ਵਿਦਿਆਰਥੀਓ! ਇਸ ਸੰਸਾਰ ਵਿੱਚ ਸਭ ਤੋਂ ਅਨੋਖਾ ਅਤੇ ਅਦਭੁਤ ਸ਼ਬਦ ਜੇਕਰ ਕੋਈ ਹੈ ਤਾਂ ਉਹ ਹੈ 'ਮਾਂ' ਸ਼ਬਦ। 'ਮਾਂ' ਜਿਸ ਨੂੰ ਜ਼ੁਬਾਨ ਤੋਂ ਬੋਲਣ ਨਾਲ਼ ਇੱਕ ਅਦਭੁੱਤ ਰਸ ਦਾ ਅਨੁਭਵ ਹੁੰਦਾ ਹੈ। 'ਮਾਂ' ਸ਼ਬਦ ਸੁਣਨ ਨਾਲ਼ ਕੰਨਾਂ ਵਿੱਚ ਮਿਸ਼ਰੀ ਘੁਲ਼ ਜਾਂਦੀ ਹੈ। 'ਮਾਂ' ਸ਼ਬਦ ਅੱਖਾਂ ਵਿੱਚ ਵਸਾਉਣ ਨਾਲ਼ ਅੱਖਾਂ ਵਿੱਚੋਂ ਨੂਰ ਟਪਕਦਾ ਵਿਖਾਈ ਦਿੰਦਾ ਹੈ। ਜੇਕਰ 'ਮਾਂ' ਸ਼ਬਦ ਦਿਲ ਵਿੱਚ ਉੱਤਰ ਜਾਵੇ ਤਾਂ ਮਮਤਾ ਦਾ ਸਮੁੰਦਰ ਠਾਠਾਂ ਮਾਰਨ ਲੱਗਦਾ ਹੈ। ਸਵੇਰੇ ਉੱਠ ਕੇ ਮਾਂ ਦੇ ਚਰਨਾਂ 'ਤੇ ਪ੍ਰਣਾਮ ਕਰਨ ਨਾਲ਼ ਸਾਡੀ ਹਰ ਸਵੇਰ ਸ਼ੁੱਭ ਹੋ ਜਾਂਦੀ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਆਪਣੀ ਮਾਂ ਦੀ ਸੇਵਾ ਕਰਨ ਨਾਲ਼ ਸਾਡੀ ਕਿਸਮਤ ਹਮੇਸ਼ਾ ਸਾਡਾ ਸਾਥ ਦਿੰਦੀ ਹੈ।"

"ਜੇਕਰ ਸਵੇਰੇ ਉੱਠ ਕੇ ਅਸੀਂ ਆਪਣੀ ਮਾਂ ਦੇ ਚਰਨਾਂ 'ਤੇ ਸੀਸ ਨਹੀਂ ਝੁਕਾਉਂਦੇ ਤਾਂ ਕਿਸੇ ਮੰਦਰ, ਮਸਜਿਦ ਜਾਂ ਗੁਰਦੁਆਰੇ ਜਾ ਕੇ ਮੱਥਾ ਟੇਕਣਾ ਫ਼ਜ਼ੂਲ ਹੈ। ਇਸੇ ਪ੍ਰਕਾਰ ਆਪਣੀ ਮਾਂ ਨੂੰ ਭੋਜਨ ਛਕਾਏ ਬਿਨਾਂ ਪੰਛੀਆਂ ਨੂੰ ਚੋਗਾ ਪਾਉਣ ਦਾ ਕੋਈ ਲਾਭ ਨਹੀਂ ਹੈ। ਮਾਂ ਦੇ ਪੈਰਾਂ ਦੀ ਧੂੜ ਕਿਸੇ ਮੰਦਰ, ਮਸਜਿਦ ਜਾਂ ਗੁਰਦੁਆਰੇ ਵਿੱਚ ਮੱਥਾ ਟੇਕਣ ਤੋਂ ਕਿਤੇ ਉੱਪਰ ਹੈ।"

"ਪਿਆਰੇ ਵਿਦਿਆਰਥੀਓ! ਜਿਸ ਪ੍ਰਕਾਰ ਆਪਾਂ ਸਾਰੇ ਜਾਣਦੇ ਹਾਂ, ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿੱਚ ਵਿਚਰਦਿਆਂ ਉਹ ਕਈ ਰਿਸ਼ਤੇ ਨਾਤੇ ਨਿਭਾਉਂਦਾ ਹੈ। ਇਹ ਸਾਰੇ ਰਿਸ਼ਤੇ ਉਸ ਦੇ ਜਨਮ ਤੋਂ ਬਾਅਦ ਦੇ ਹੀ ਹੁੰਦੇ ਹਨ। ਪਰੰਤੂ ਮਾਂ ਦਾ ਹੀ ਇੱਕ ਅਜਿਹਾ ਰਿਸ਼ਤਾ ਹੈ, ਜੋ ਬੱਚੇ ਦੇ ਜਨਮ ਤੋਂ ਵੀ ਨੌਂ ਮਹੀਨੇ ਪਹਿਲਾਂ ਦਾ ਹੁੰਦਾ ਹੈ। ਮਨੁੱਖ ਲਈ ਲਗਪਗ ਸਾਰੇ ਰਿਸ਼ਤੇ ਦੁੱਖ ਅਤੇ ਸੁੱਖ ਦੇ ਪ੍ਰਤੀਕ ਹੁੰਦੇ ਹਨ। ਪਰੰਤੂ ਪੂਰੀ ਦੁਨੀਆਂ ਵਿੱਚ ਮਾਂ ਦਾ ਰਿਸ਼ਤਾ ਹੀ ਇੱਕ ਅਜਿਹਾ ਰਿਸ਼ਤਾ ਹੈ, ਜੋ ਕੇਵਲ ਸੁੱਖ ਦਾ ਪ੍ਰਤੀਕ ਹੈ। ਮਨੁੱਖ ਜਦੋਂ ਬਹੁਤ ਜ਼ਿਆਦਾ ਦੁਖੀ ਹੁੰਦਾ ਹੈ ਤਾਂ ਉਸ ਦੇ ਮੂੰਹੋਂ 'ਮਾਂ' ਸ਼ਬਦ ਹੀ ਨਿੱਕਲਦਾ ਹੈ। ਇਸ ਸੰਸਾਰ ਵਿੱਚ ਹਰ ਰਿਸ਼ਤੇ ਦਾ ਕੋਈ ਨਾ ਕੋਈ ਬਦਲ ਹੈ, ਪਰੰਤੂ ਮਾਂ ਦਾ ਕੋਈ ਬਦਲ ਨਹੀਂ ਹੈ।" "ਪਿਆਰੇ ਵਿਦਿਆਰਥੀਓ, ਮਾਂ ਕੇਵਲ ਇੱਕ ਸਰੀਰ ਦਾ ਨਾਂ ਨਹੀਂ ਹੈ। ਸਗੋਂ ਮਾਂ ਤਾਂ ਇੱਕ ਸਾਧਨਾ ਹੈ। ਮਾਂ ਇੱਕ ਭਗਤੀ ਹੈ। ਮਾਂ ਇੱਕ ਪੂਜਾ ਹੈ। ਮਾਂ ਤਾਂ ਪ੍ਰਤੱਖ ਤੌਰ 'ਤੇ ਪਰਮਾਤਮਾ ਹੈ। ਮਾਂ ਆਪਣੇ ਆਪ ਵਿੱਚ ਇੱਕ ਧਰਮ ਹੈ। ਇੱਕ ਮੰਦਰ ਹੈ। ਇੱਕ ਤੀਰਥ ਸਥਾਨ ਹੈ। ਮਾਂ ਇੱਕ ਅਜਿਹੀ ਮੂਰਤ ਹੈ, ਜਿਸ ਨੇ ਸਾਡਾ ਸਾਰਿਆਂ ਦਾ ਨਿਰਮਾਣ ਕੀਤਾ ਹੈ। ਇਸ ਲਈ ਸਾਡਾ ਸਾਰਿਆਂ ਦਾ ਇਹ ਨਿਰਛਲ ਫ਼ਰਜ਼ ਬਣਦਾ ਹੈ ਕਿ ਆਪਣੇ ਦੁਆਰਾ ਬਣਾਏ ਪਰਮਾਤਮਾ ਦੀ ਪੂਜਾ ਕਰਨ ਦੀ ਥਾਂ ਉਸ ਮਾਂ ਦੀ ਪੂਜਾ ਕਰੀਏ, ਜਿਸ ਨੇ ਸਾਨੂੰ ਸਾਰਿਆਂ ਨੂੰ ਸਿਰਜਿਆ ਹੈ। ਇਸ ਲਈ ਆਓ! ਮਾਂ ਦਿਵਸ ਦੇ ਪਵਿੱਤਰ ਮੌਕੇ 'ਤੇ ਆਪਾਂ ਸਾਰੇ ਇਹ ਪ੍ਰਣ ਕਰੀਏ ਕਿ ਅਸੀਂ ਆਪੋ ਆਪਣੀ ਮਾਂ ਨੂੰ ਹਮੇਸ਼ਾ ਖ਼ੁਸ਼ ਰੱਖਾਂਗੇ। ਉਸ ਦੀ ਸੇਵਾ ਕਰਾਂਗੇ। ਉਸ ਤੋਂ ਦੁਆਵਾਂ ਪ੍ਰਾਪਤ ਕਰਾਂਗੇ। ਬਹੁਤ- ਬਹੁਤ ਧੰਨਵਾਦ।" ਮੁੱਖ ਅਧਿਆਪਕ ਜੀ ਦੇ ਸ਼ਾਨਦਾਰ ਵਿਚਾਰ ਸੁਣ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬਹੁਤ ਜ਼ੋਰ ਨਾਲ਼ ਤਾੜੀਆਂ ਵਜਾਈਆਂ।

ਧਰਮਪਾਲ ਜੀ ਸਵੇਰ ਦੀ ਸਭਾ ਵਿੱਚ ਆਪਣੇ ਵਿਚਾਰ ਸਾਂਝੇ ਕਰਕੇ ਆਪਣੇ ਦਫ਼ਤਰ ਵਿੱਚ ਚਲੇ ਗਏ। ਸਕੂਲ ਦੇ ਅਧਿਆਪਕਾਂ ਵਿੱਚ ਹੌਲੀ ਆਵਾਜ਼ ਵਿੱਚ ਕਾਨਾਂਫੂਸੀ ਹੋ ਰਹੀ ਸੀ। ਸਹਾਇਕ ਲਾਇਬ੍ਰੇਰੀਅਨ ਧਰਮ ਸਿੰਘ ਪੰਜਾਬੀ ਅਧਿਆਪਕਾ ਪ੍ਰੀਤਮ ਕੌਰ ਨੂੰ ਕਹਿ ਰਿਹਾ ਸੀ, "ਭੈਣ ਜੀ! ਹੈੱਡ ਸਾਹਿਬ ਦੇ ਆਪਣੇ ਮਾਂ ਜੀ ਤਾਂ ਬਿਰਧ ਘਰ ਵਿੱਚ ਰੁਲ ਰਹੇ ਹਨ। ਕੀ ਇਹੋ ਜਿਹੇ ਲੱਛੇਦਾਰ ਭਾਸ਼ਨ ਕੇਵਲ ਦੂਜਿਆਂ ਨੂੰ ਨਸੀਹਤ ਦੇਣ ਲਈ ਹਨ?" ਪ੍ਰੀਤਮ ਕੌਰ ਨੇ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਆਪਣੇ ਬੁੱਲ੍ਹਾਂ ਉੱਤੇ ਰੱਖ ਕੇ ਧਰਮ ਸਿੰਘ ਨੂੰ ਅੱਖਾਂ ਰਾਹੀਂ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

**ਡਾ. ਇਕਬਾਲ ਸਿੰਘ**
**ਸਕਰੌਦੀ, ਸੰਗਰੂਰ।**
**8427685020**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜ਼ਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com